# ਕੈਨੇਡਾ ਦਰਪਣ

ਮਾਰਚ 1-15, 1988

**March 1-15, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ ਅਤੇ ਕੈਨੇਡਾ ਦਰਪਣ ਦੇ ਸੰਪਾਦਕ ਦਰਸ਼ਨ ਗਿੱਲ ਦੀ ਪਤਨੀ ਚਰਨਜੀਤ ਕੌਰ ਗਿੱਲ ਦੀ ਇਜਾਜ਼ਤ ਨਾਲ ਬਣਾਈ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

MARCH 1-15, 1988 Vol. 07 No. 10 Out of Greater Vancouver 75¢ Second Class Mail Reg. No. 5991

# ਕੈਨੇਡਾ ਦਰਪਣ

**The Canada Darpan** The Punjabi Newspaper

Ph. (604) 581-4473
P.O.BOX 265, Surrey, B.C. V3T 4W8

## ਤਰਨਤਾਰਨ ਵਿਚੋਂ ਸਿੱਖ ਪ੍ਰਵਾਰ ਬਾਹਰ ਜਾਣ ਲੱਗੇ

# 24 ਘੰਟਿਆਂ 'ਚ 20 ਕਤਲ

ਚੰਡੀਗੜ੍ਹ — ਪੰਜਾਬ ਵਿਚ ਦਹਿਸ਼ਤਗਰਦਾਂ ਨੇ ਸਿੱਖ ਪ੍ਰਵਾਰਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਤਰਨਤਾਰਨ ਤਹਿਸੀਲ ਵਿਚੋਂ ਸੈਂਕੜਿਆਂ ਦੀ ਗਿਣਤੀ ਵਿਚ ਸਿਖ ਪ੍ਰਵਾਰ ਜਾਂ ਤਾਂ ਦੂਜਿਆਂ ਜ਼ਿਲਿਆਂ ਨੂੰ ਜਾਣੇ ਸ਼ੁਰੂ ਹੋ ਗਏ ਹਨ ਜਾਂ ਕਈ ਪ੍ਰਵਾਰ ਪੰਜਾਬ ਹੀ ਛੱਡ ਕੇ ਜਾ ਰਹੇ ਹਨ। ਦਹਿਸ਼ਤਗਰਦਾਂ ਨੂੰ ਜਿਹੜੇ ਪ੍ਰਵਾਰ ਪਹਿਲਾਂ ਪਨਾਹ ਦਿੰਦੇ ਰਹੇ ਹਨ ਉਨ੍ਹਾਂ ਦੇ ਸਮੁੱਚੇ ਪ੍ਰਵਾਰਾਂ ਦਾ ਸਫਾਇਆ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਉਤੇ 'ਮੁਖਬਰੀ' ਦੇ ਦੋਸ਼ ਲਾਏ ਜਾ ਰਹੇ ਹਨ। ਖਾਲਿਸਤਾਨੀ ਅਨਸਰਾਂ ਦਾ ਕਹਿਣਾ ਹੈ ਕਿ ਹਕੂਮਤੀ ਦਹਿਸ਼ਤਗਰਦ ਇਹ ਕਾਰਵਾਈਆਂ ਕਰ ਰਹੇ ਹਨ ਜਦਕਿ ਸਰਕਾਰੀ ਬੁਲਾਰੇ ਇਹ ਦੋਸ਼ ਦਹਿਸ਼ਤਗਰਦ ਜਥੇਬੰਦੀਆਂ ਦੇ ਸਿਰ ਮੜ੍ਹ ਰਹੇ ਹਨ।

### ਅੰਮ੍ਰਿਤਸਰ ਵਿਚ ਪੂਰਾ ਪ੍ਰਵਾਰ ਖਤਮ

26 ਫਰਵਰੀ ਦੀ ਰਾਤ ਨੂੰ ਅੰਮ੍ਰਿਤਸਰ ਵਿਚ ਇਕੋ ਪ੍ਰਵਾਰ ਦੇ ਛੇ ਜੀਅ ਗੋਲੀਆਂ ਨਾਲ ਭੁੰਨ ਦਿੱਤੇ ਗਏ। ਮਰਨ ਵਾਲਿਆਂ ਵਿਚ ਚਾਰ ਬੱਚੇ ਅਤੇ ਉਨ੍ਹਾਂ ਦੇ ਮਾਤਾ ਪਿਤਾ ਸ਼ਾਮਲ ਸਨ। ਘਰ ਵਿਚ ਆਇਆ ਇਕ ਮਹਿਮਾਨ ਵੀ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ।

### ਗੁਰਦਾਸਪੁਰ 'ਚ ਅੱਠ ਵਿਅਕਤੀ ਕਤਲ

28 ਫਰਵਰੀ ਦੀ ਰਾਤ ਨੂੰ ਸਰਹੱਦ ਪਾਰ ਕਰਕੇ ਆਏ ਦਹਿਸ਼ਤਗਰਦਾਂ ਨੇ ਇਕ ਪ੍ਰਵਾਰ ਦੇ ਸੱਤ ਜੀਅ ਬਟਾਲਾ ਲਾਗੇ ਕਾਲਾ ਭਮੀਆ ਪਿੰਡ ਵਿਚ ਕਤਲ ਕਰ ਦਿੱਤੇ। ਇਕ ਬਾਰਡਰ ਸਕਿਉਰਿਟੀ ਫੋਰਸ ਦਾ ਜਵਾਨ ਵੀ ਮਾਰਿਆ ਗਿਆ।

### ਪੁਲਸ ਇਨਸਪੈਕਟਰ ਕਤਲ

ਇਸੇ ਦੌਰਾਨ ਇਕ ਪੁਲਸ ਇਨਸਪੈਕਟਰ ਅਤੇ ਲੁਧਿਆਣੇ ਵਿਚ ਇਕ ਪੁਲਸ ਦਾ ਸਿਪਾਹੀ ਵੀ ਕਤਲ ਕਰ ਦਿੱਤਾ ਗਿਆ।

### ਦਹਿਸ਼ਤਗਰਦ ਮਾਰਿਆ ਗਿਆ

ਜਨਰਲ ਵੈਦਿਆ ਦੇ ਕਤਲ ਵਿਚ ਲੋੜੀਂਦਾ ਇਕ ਦਹਿਸ਼ਤਗਰਦ ਸੁਰਿੰਦਰ ਉਰਫ ਸ਼ਰਮਾ ਆਪਣੇ ਇਕ ਸਾਥੀ ਨਾਲ ਜਲਾਲਾਬਾਦ ਬਾਰਡਰ ਲਾਗੇ ਪੁਲਸ ਨਾਲ ਇਕ ਮੁਠਭੇੜ ਵਿਚ ਮਾਰੇ ਜਾਣ ਦੀ ਵੀ ਖਬਰ ਹੈ।

## ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਵਲੋਂ

# ਖਾਲਿਸਤਾਨੀ ਜਥੇਬੰਦੀ ਦੇ ਬਾਈਕਾਟ ਦਾ ਸੱਦਾ

ਅਟਵਾ — ਕੈਨੇਡਾ ਦੇ ਬਦੇਸ਼ ਮੰਤਰੀ ਮਿ: ਜੋਅ ਕਲਾਰਕ ਨੇ ਸਾਰਿਆਂ ਸੂਬਿਆਂ ਦੇ ਪ੍ਰੀਮੀਅਰਾਂ ਨੂੰ ਖਤ ਲਿਖਕੇ ਕਿਹਾ ਹੈ ਕਿ ਤਿੰਨ ਖਾਲਿਸਤਾਨੀ ਜਥੇਬੰਦੀਆਂ ਵਰਲਡ ਸਿੱਖ ਔਰਗੇਨਾਈਜ਼ੇਸ਼ਨ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਅਤੇ ਬੱਬਰ ਖਾਲਸਾ ਦੇ ਸਮਾਗਮਾਂ ਦਾ ਬਾਈਕਾਟ ਕੀਤਾ ਜਾਵੇ ਕਿਉਂਕਿ ਇਨ੍ਹਾਂ ਜਥੇਬੰਦੀਆਂ ਦੇ ਕਥਿਤ ਸੰਬੰਧ ਪੰਜਾਬ ਵਿਚ ਉਨ੍ਹਾਂ ਲੋਕਾਂ ਨਾਲ ਹਨ ਜੋ ਦਹਿਸ਼ਤਗਰਦੀ ਫੈਲਾ ਰਹੇ ਹਨ। ਬਦੇਸ਼ ਮੰਤਰੀ ਨੇ ਸਾਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਸਮਾਗਮਾਂ ਵਿਚ ਸ਼ਾਮਲ ਨਾ ਹੋਇਆ ਜਾਵੇ।

### ਜਥੇਬੰਦੀਆਂ ਵਲੋਂ ਕਲਾਰਕ ਨੂੰ ਹਰਾਉਣ ਦੀ ਧਮਕੀ

ਇਨ੍ਹਾਂ ਜਥੇਬੰਦੀਆਂ ਦੀਆਂ ਸਫਾਂ ਵਿਚ ਬਦੇਸ਼ ਮੰਤਰੀ ਦੇ ਇਸ ਖਤ ਦੇ ਪ੍ਰਗਟਾਵੇ ਨਾਲ ਗੁੱਸੇ ਦੀ ਲਹਿਰ ਦੌੜ ਰਹੀ ਹੈ। ਇਕ ਸੰਸਥਾ ਦੇ ਬੁਲਾਰੇ ਨੇ ਤਾਂ ਇਥੋਂ ਤੱਕ ਕਿਹਾ ਕਿ ਉਹ ਜੋਅ ਕਲਾਰਕ ਨੂੰ ਚੋਣਾਂ ਵਿਚ ਜਿੱਤਣ ਨਹੀਂ ਦੇਣਗੇ। ਉਸ ਬੁਲਾਰੇ ਨੇ ਦੋਸ਼ ਲਾਇਆ ਕਿ ਇਹ ਕਦਮ ਭਾਰਤ ਸਰਕਾਰ ਦੇ ਕਹਿਣ ਉਤੇ ਚੁਕਿਆ ਗਿਆ ਹੈ। ਇਕ ਹੋਰ ਬੁਲਾਰੇ ਨੇ ਕਿਹਾ ਕਿ ਕੈਨੇਡਾ ਸਿੱਖਾਂ ਦੇ ਹਿਤਾਂ ਦੀ ਥਾਂ ਤਿਜਾਰਤ ਨੂੰ ਪਹਿਲ ਦੇ ਰਿਹਾ ਹੈ। ਭਾਰਤੀ ਹਾਈ ਕਮਿਸ਼ਨਰ ਦਫਤਰ ਦੇ ਇਕ ਬੁਲਾਰੇ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਇਹ ਕਦਮ ਭਾਰਤ ਸਰਕਾਰ ਦੇ ਕਹਿਣ ਉਤੇ ਚੁਕਿਆ ਗਿਆ ਹੈ।

### ਕਈ ਹਲਕਿਆਂ ਵਿਚ ਹੈਰਾਨੀ

ਜੋਅ ਕਲਾਰਕ ਦੇ ਇਸ ਬਿਆਨ ਤੋਂ ਕਈ ਹਲਕੇ ਹੈਰਾਨੀ ਪ੍ਰਗਟ ਕਰ ਰਹੇ ਹਨ ਕਿਉਂਕਿ ਕਈ ਬਦੇਸ਼ੀ ਖਾਲਿਸਤਾਨੀਆਂ ਦੇ ਸਬੰਧ ਟੋਰੀ ਪਾਰਟੀ ਨਾਲ ਹਨ ਤੇ ਉਹ ਲੰਮੇ ਲੰਮੇ ਦਸਤਾਵੇਜ਼ ਪ੍ਰਧਾਨ ਮੰਤਰੀ ਨੂੰ ਆਪ ਪੇਸ਼ ਕਰਨ ਲਈ ਪਹੁੰਚਦੇ ਰਹੇ ਹਨ। ਦੂਜੇ ਜਿਸ ਬੀ ਸੀ ਦੇ ਪ੍ਰੀਮੀਅਰ ਵੈਂਡਰਜ਼ਾਮ ਨੇ ਨੋਵਾ ਸਕੋਸ਼ੀਆ ਵਿਚ ਉਤਰੇ ਸਿਖ ਸ਼ਰਨਾਰਥੀਆਂ ਨੂੰ ਵਾਪਸ ਭੇਜੇ ਜਾਣ ਦੀ ਮੰਗ ਕੀਤੀ ਸੀ — ਕਈ ਖਾਲਿਸਤਾਨੀ ਨੇਤਾ ਉਸੇ ਪਾਰਟੀ ਦੇ ਅਹਿਮ ਕਾਰਕੁਨ ਵੀ ਹਨ। ਸੋਕਰਡ ਤੇ ਟੋਰੀਆਂ ਦੀਆਂ ਰੈਲੀਆਂ ਵਿਚ ਇਹ ਨੇਤਾ ਆਮ ਦੇਖੇ ਜਾਂਦੇ ਹਨ।

## ਈਰਾਕ ਨੇ ਹੋਰ ਬੰਬ ਸੁੱਟੇ

### 16 ਮਾਰੇ ਗਏ

ਨੀਕੋਸੀਆ — ਈਰਾਕ ਨੇ ਈਰਾਨੀ ਹਮਲਿਆਂ ਦੇ ਜਵਾਬ ਵਿਚ ਮੀਜ਼ਾਈਲਾਂ ਰਾਹੀਂ ਤਹਿਰਾਨ ਉਤੇ ਹੋਰ ਬੰਬ ਸੁੱਟੇ ਜਿਸ ਨਾਲ 16 ਵਿਅਕਤੀ ਮਾਰੇ ਜਾਣ ਦੀ ਖਬਰ ਹੈ।

ਸਰਕਾਰੀ ਇਰਾਕੀ ਏਜੰਸੀ ਅਨੁਸਾਰ ਇਹ ਹਮਲੇ ਇਸ ਲਈ ਕੀਤੇ ਗਏ ਕਿਉਂਕਿ ਈਰਾਨ ਨੇ ਬਗ਼ਦਾਦ ਵਿਚ ਅਜਿਹੇ ਹਮਲੇ ਕਰਕੇ ਸੈਂਕੜੇ ਆਮ ਲੋਕਾਂ ਦੀ ਹੱਤਿਆ ਕੀਤੀ ਹੈ।

ਤਹਿਰਾਨ ਸ਼ਹਿਰ ਨੂੰ ਖਤਮ ਕਰਨ ਦੀ ਧਮਕੀ ਵੀ ਈਰਾਕੀ ਸਰਕਾਰ ਨੇ ਦਿੱਤੀ ਹੈ ਤੇ ਕਿਹਾ ਕਿ ਜਿਨਾ ਚਿਰ ਤਹਿਰਾਨ ਸ਼ਹਿਰ ਖਤਮ ਨਹੀਂ ਕਰ ਦਿੱਤਾ ਜਾਂਦਾ — ਹਮਲੇ ਜਾਰੀ ਰਹਿਣਗੇ।



ਏ. ਸੀ. ਜਿਊਲਰਜ਼



9373 - 120 St. Delta, B.C.
Ph. 588-5808

ਡੇਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ
ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

# ਜੋਨ ਸਮਾਲਵੁੱਡ ਨੇ ਵੈਂਡਰਜ਼ਾਮ ਨੂੰ 'ਬੁਜ਼ਦਿਲ' ਕਿਹਾ



JOAN SMALLWOOD

ਵਿਕਟੋਰੀਆ — ਪਰਸੋਂ ਅਸੈਂਬਲੀ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਜਦ ਸਰੀ ਦੀ ਐਨ. ਡੀ. ਪੀ. ਐਮ. ਐਲ. ਏ. ਜੋਨ ਸਮਾਲਵੁੱਡ ਨੇ ਪ੍ਰੀਮੀਅਰ ਵੈਂਡਰਜ਼ਾਮ ਨੂੰ 'ਬੁਜ਼ਦਿਲ' ਕਿਹਾ। ਸਪੀਕਰ ਨੇ ਜੋਨ ਸਮਾਲਵੁੱਡ ਨੂੰ ਲਫ਼ਜ਼ ਵਾਪਸ ਲੈਣ ਲਈ ਕਿਹਾ। ਇਨਕਾਰ ਕਰਨ ਤੇ ਜੋਨ ਸਮਾਲਵੁਡ ਨੂੰ ਹਾਊਸ ਵਿਚੋਂ ਇਕ ਦਿਨ ਲਈ ਬਾਹਰ ਕੱਢ ਦਿਤਾ ਗਿਆ।

ਜੋਨ ਸਮਾਲਵੁੱਡ ਨੇ ਦੋਸ਼ ਲਾਇਆ ਕਿ ਪ੍ਰੀਮੀਅਰ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਰਿਹਾ ਹੈ ਤੇ ਗ਼ੈਰ-ਜ਼ਿਮੇਵਾਰੀ ਦਾ ਸਬੂਤ ਦੇ ਰਿਹਾ ਹੈ। ਜੋਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਪ੍ਰੀਮੀਅਰ ਪਤਾ ਨਹੀਂ ਕਿਥੇ ਰਹਿ ਰਿਹਾ ਹੈ।

ਅਸੈਂਬਲੀ ਵਿਚ ਰੀਪੋਰਟਿੰਗ ਕਰਦੇ ਪੱਤਰਕਾਰਾਂ ਦਾ ਕਹਿਣਾ ਹੈ ਕਿ ਵੈਂਡਰਜ਼ਾਮ ਡਿਕਟੇਟਰ ਵਾਂਗ ਕੰਮ ਕਰ ਰਿਹਾ ਹੈ ਤੇ ਇਸਦੇ ਸਿਟੇ ਸੋਸ਼ਲ ਕਰੈਡਿਟ ਪਾਰਟੀ ਲਈ ਚੰਗੇ ਨਹੀਂ ਹੋਣਗੇ।

# ਪੱਛਮੀ ਬੰਗਾਲ 'ਚ ਪੰਚਾਇਤ ਚੋਣਾਂ 'ਚ ਫਰੰਟ ਭਾਰੂ

ਕਲਕੱਤਾ — ਪਿਛਲੇ ਦਿਨ ਪੱਛਮੀ ਬੰਗਾਲ ਦੇ ਸਾਰੇ ਸੂਬੇ ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਜਿਸ ਵਿਚ 62,000 ਪੰਚ ਚੁਣੇ ਗਏ। ਖੱਬੇ-ਪੱਖੀ ਫਰੰਟ ਦੇ 6000 ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ।

ਸੂਬੇ ਵਿਚ ਖੱਬੇ-ਪੱਖੀ ਫਰੰਟ ਦੇ ਉਮੀਦਵਾਰਾਂ ਨੂੰ ਭਾਰੀ ਗਿਣਤੀ ਵਿਚ ਜਿੱਤ ਪ੍ਰਾਪਤ ਹੋਈ ਹੈ।

# 'ਟਰੂਡੋ ਸਰਕਾਰ ਚੰਗੀ ਸੀ''

## 52 ਫੀਸਦੀ ਲੋਕਾਂ ਦੀ ਰਾਇ

ਅਟਵਾ — ਟੋਰੀ ਸਰਕਾਰ ਨਾਲੋਂ ਟਰੂਡੋ ਦੀ ਸਰਕਾਰ ਚੰਗੀ ਹੋਣ ਬਾਰੇ 52 ਫੀਸਦੀ ਲੋਕਾਂ ਨੇ ਫਤਵਾ ਦਿੱਤਾ ਹੈ। ਗੈਲਪ ਪੋਲ ਵਲੋਂ ਕੀਤੇ ਗਏ ਇਕ ਸਰਵੇ ਅਨੁਸਾਰ ਇਹ ਕੈਨੇਡੀਅਨ ਲੋਕਾਂ ਦੀ ਰਾਇ ਹੈ।

23 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਟੋਰੀ ਸਰਕਾਰ ਟਰੂਡੋ ਨਾਲੋਂ ਚੰਗੀ ਸਾਬਤ ਹੋਈ ਹੈ। ਓਂਟੇਰੀਓ ਦੇ 57 ਫੀਸਦੀ, ਐਟਲਾਂਟਿਕ ਕੈਨੇਡਾ ਦੇ 55 ਫੀਸਦੀ, ਕਿਊਬਕ ਦੇ 52 ਫੀਸਦੀ ਤੇ ਬੀ. ਸੀ ਦੇ 49 ਫੀਸਦੀ ਲੋਕਾਂ ਨੇ ਟਰੂਡੋ ਸਰਕਾਰ ਨੂੰ ਚੰਗਾ ਕਿਹਾ।

ਨਵੇਂ ਸਰਵੇ ਅਨੁਸਾਰ ਤਿੰਨ ਪਾਰਟੀਆਂ ਵਿਚ ਲਿਬਰਲ ਤੇ ਐਨ. ਡੀ. ਪੀ. ਅੱਗੇ ਹਨ। ਟੋਰੀ ਸਰਕਾਰ ਦਾ ਹਾਰ ਜਾਣਾ ਯਕੀਨੀ ਮੰਨਿਆ ਜਾ ਰਿਹਾ ਹੈ।

# ਆਸਾਮ ਸਮਝੌਤਾ ਖੱਟੇ ਵਿਚ

ਨਵੀਂ ਦਿੱਲੀ — ਏਥੇ ਪੁਜੀਆਂ ਖ਼ਬਰਾਂ ਅਨੁਸਾਰ ਪ੍ਰਧਾਨ ਮੰਤਰੀ ਵਲੋਂ ਆਸਾਮ ਬਾਰੇ ਕੀਤੇ ਸਮਝੌਤੇ ਦਾ ਹਸ਼ਰ ਵੀ ਪੰਜਾਬ ਵਾਲਾ ਹੀ ਹੋਇਆ ਹੈ। ਕੇਂਦਰੀ ਸਰਕਾਰ ਨੇ ਵਾਅਦੇ ਪੂਰੇ ਨਾ ਕਰਕੇ ਆਸਾਮ ਗਣ ਪ੍ਰੀਸ਼ਦ ਦੀ ਸਰਕਾਰ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ।

ਸਮਝੌਤੇ ਹੋਏ ਨੂੰ ਤਿੰਨ ਸਾਲ ਗੁਜ਼ਰ ਗਏ ਹਨ। ਆਸਾਮ ਦੇ ਵਿਦਿਆਰਥੀਆਂ ਨੇ ਕੱਲ੍ਹ ਸਾਰਾ ਆਸਾਮ ਬੰਦ ਰੱਖਿਆ ਤੇ ਕੇਂਦਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਸਮਝੌਤੇ ਦੀਆਂ ਮੱਦਾਂ ਜਲਦੀ ਲਾਗੂ ਨਾ ਕੀਤੀਆਂ ਗਈਆਂ ਤਾਂ ਆਸਾਮ ਵਿਚ ਮੁੜ ਹਿੰਸਾ ਭੜਕਣ ਦਾ ਖਤਰਾ ਹੈ।

# ਮਾਰਕੋਸ ਅਕੀਨੋ ਦੀ ਉਸਤਤ ਕਰਨ ਲੱਗਾ

ਮਨੀਲਾ — ਫਿਲਪੀਨ ਦਾ ਭਗੌੜਾ ਪ੍ਰਧਾਨ ਫਰਡੀਨੈਂਡ ਮਾਰਕੋਸ ਅੱਜ ਕੱਲ੍ਹ ਪ੍ਰਧਾਨ ਕੋਰੀ ਅਕੀਨੋ ਦੀ ਉਸਤਤ ਕਰ ਰਿਹਾ ਹੈ ਤਾਂਕਿ ਉਹ ਵਾਪਸ ਫਿਲਪੀਨ ਜਾ ਸਕੇ। ਮਾਰਕੋਸ ਨੇ ਆਪਣੇ ਪਿਛਲੱਗਾਂ ਨੂੰ ਕਿਹਾ ਕਿ ਉਹ ਅਕੀਨੋ ਦੀ ਮੱਦਦ ਕਰਨ ਤਾਂਕਿ ਉਹ ਹਵਾਈ ਤੋਂ ਵਾਪਸ ਆਪਣੇ ਦੇਸ਼ ਪੁਜ ਸਕੇ।

ਪਰ ਅਕੀਨੋ ਦਾ ਕਹਿਣਾ ਹੈ ਕਿ ਜਿੰਨਾ ਚਿਰ ਮਾਰਕੋਸ 20 ਸਾਲਾਂ ਦੇ ਰਾਜ ਵਿਚ ਇਕੱਠਾ ਕੀਤਾ ਧਨ ਦੇਸ਼ ਨੂੰ ਵਾਪਸ ਨਹੀਂ ਕਰਦਾ ਉਨਾ ਚਿਰ ਉਸਦੇ ਵਾਪਸ ਆਉਣ ਦੀ ਸੰਭਾਵਨਾ ਨਹੀਂ ਹੈ।

# ਭਾਰਤ ਵਲੋਂ ਮਿਜ਼ਾਈਲ ਤਿਆਰ

ਨਵੀਂ ਦਿੱਲੀ — ਰਾਜ ਸਭਾ ਵਿਚ ਭਾਸ਼ਨ ਦਿੰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਭਾਰਤ ਨੇ ਮਿਜ਼ਾਈਲ ਤਿਆਰ ਕਰ ਲਈ ਹੈ ਤੇ ਇਸ ਤਰ੍ਹਾਂ ਉਨ੍ਹਾਂ ਪੰਜ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨੇ ਆਪ ਮੀਜ਼ਾਈਲਾਂ ਤਿਆਰ ਕੀਤੀਆਂ ਹਨ। ਪਹਿਲਾਂ ਮੀਜ਼ਾਈਲ ਤਿਆਰ ਕਰਨ ਵਾਲੇ ਦੇਸ਼ਾਂ ਵਿਚ ਅਮਰੀਕਾ, ਸੋਵੀਅਤ ਯੂਨੀਅਨ, ਫਰਾਂਸ ਤੇ ਚੀਨ ਹਨ। ਪੰਜਵਾਂ ਦੇਸ਼ ਭਾਰਤ ਹੈ ਜਿਸ ਨੇ ਆਪਣੇ ਸਾਮਾਨ ਨਾਲ ਹੀ ਇਹ ਮਿਜ਼ਾਈਲ ਤਿਆਰ ਕੀਤੀ ਹੈ।

# ਰਾਜ ਸਭਾ ਚੋਣਾਂ 28 ਮਾਰਚ ਨੂੰ

ਨਵੀਂ ਦਿੱਲੀ — 28 ਮਾਰਚ ਨੂੰ ਹੋਣ ਵਾਲੀਆਂ ਚੋਣਾਂ ਵਿਚ ਦੋ ਰਾਜ ਸਭਾ ਦੇ ਮੈਂਬਰ ਜੰਮੂ ਕਸ਼ਮੀਰ ਤੋਂ, ਚਾਰ ਗੁਜਰਾਤ ਤੋਂ ਅਤੇ ਇਕ ਬਿਹਾਰ ਤੋਂ ਚੁਣਿਆ ਜਾਵੇਗਾ। ਬਾਕੀ ਚੋਣਾਂ ਅਪ੍ਰੈਲ ਵਿਚ ਹੋਣਗੀਆਂ। ਪੰਜਾਬ ਵਿਚੋਂ ਚਾਰ ਸੀਟਾਂ ਖਾਲੀ ਹੋ ਰਹੀਆਂ ਹਨ। ਅਕਾਲੀ ਦਲ ਵਲੋਂ ਅਜੇ ਤੱਕ ਰਾਜ ਸਭਾ ਲਈ ਉਮੀਦਵਾਰ ਦਾ ਫੈਸਲਾ ਨਹੀਂ ਕੀਤਾ ਗਿਆ

# ਇੰਡੋ ਕੈਨੇਡੀਅਨ ਕਮਿਊਨਿਟੀ ਦੇ ਨਵੇਂ ਕਾਰ ਸੇਲਜ਼ਮੈਨ



ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਨਵੇਂ ਕਾਰ ਸੇਲਜ਼ ਮੈਨ ਭਵਖੰਡਨ ਸਿੰਘ ਰਖਰਾ ਨੂੰ ਤਕਰੀਬਨ ਸਾਰੇ ਹੀ ਜਾਣਦੇ ਹਨ। ਭਵਖੰਡਨ ਸਿੰਘ 1974 ਤੋਂ ਡਰਾਮਿਆਂ ਰਾਹੀਂ ਸਟੇਜ ਤੇ ਟੈਲੀਵੀਜ਼ਨ ਰਾਹੀਂ ਕਮਿਊਨਿਟੀ ਦੇ ਮਨੋਰੰਜਨ 'ਚ ਵੀ ਹਿੱਸਾ ਪਾਉਂਦੇ ਰਹੇ ਹਨ। ਭਵਖੰਡਨ ਸਿੰਘ ਰਖਰਾ ਫਰਵਰੀ ਤੋਂ JIM PATTISON NISSAN ਜੋ ਕਿ ਮੇਨ ਸਟਰੀਟ ਅਤੇ 17 ਤੇ 18 ਐਵੇਨਿਊ ਤੇ ਹੈ ਉਥੇ ਉਨ੍ਹਾਂ ਕਾਰ ਸੇਲਜ਼ਮੈਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਬਿਜ਼ਨਿਸ ਕਰਨ ਵਾਲੇ ਅਤੇ ਸਭ ਦੋਸਤ ਮਿੱਤਰ ਉਨ੍ਹਾਂ ਨੂੰ ਪਹਿਲਾਂ ਹੀ ਕਾਫੀ ਸਮੇਂ ਤੋਂ ਜਾਣਦੇ ਹਨ। ਬੌਬ ਰਖਰਾ ਨੇ ਤਕਰੀਬਨ ਇਕ ਸਾਲ 'ਕੈਨੇਡਾ ਦਰਪਣ' ਨਾਲ ਐਡਵਰਟਾਈਮੈਂਟ ਸੇਲਜ਼ ਮਨੇਜਰ ਦਾ ਕੰਮ ਵੀ ਕੀਤਾ ਹੈ। ਤੇ ਪਿਛਲੇ ਢਾਈ ਸਾਲ ਤੋਂ ਇਹ ਅੰਗਰੇਜ਼ੀ ਦੇ ਅਖ਼ਬਾਰ ''ਦੀ ਲਿੰਕ'' ਨਾਲ ਐਡਵਰਟਾਈਜ਼ਮੈਂਟ ਦਾ ਕੰਮ ਸੰਭਾਲਦੇ ਆ ਰਹੇ ਹਨ।

ਭਵਖੰਡਨ ਸਿੰਘ ਰਖਰਾ ਫਰਵਰੀ ਦੇ ਸ਼ੁਰੂ ਤੋਂ JIM PATTISON NISSAN ਜੋ ਕਿ ਮੇਨ ਸਟਰੀਟ 'ਤੇ ਹੈ ਉਥੇ ਨਵੀਆਂ ਅਤੇ ਪੁਰਾਣੀਆਂ ਹਰ ਮਾਡਲ ਦੀਆਂ ਕਾਰਾਂ ਤੁਹਾਨੂੰ ਵਾਜਬ ਤੋਂ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ। ਤੁਸੀਂ ਬੌਬ ਰਖਰਾ ਨਾਲ ਫੋਨ ਨੰਬਰ 876-3333 ਤੇ ਵੀ ਗੱਲਬਾਤ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਦੇ ਦਫਤਰ ਆਉਣ ਦਾ ਸੱਦਾ ਦਿੰਦੇ ਹਨ। ਆਸ ਕਰਦੇ ਹਾਂ ਕਿ ਬੌਬ ਰਖਰਾ ਕਮਿਊਨਿਟੀ ਦੀ ਪਹਿਲਾਂ ਵਾਂਗ ਹੀ ਸੇਵਾ ਕਰਨ 'ਚ ਹਿੱਸਾ ਪਾਉਂਦੇ ਰਹਿਣਗੇ।


ਜੈਨੀਟੋਰੀਅਲ ਸਰਵਿਸ ਲਈ

**ਕਾਮਿਆਂ ਦੀ ਲੋੜ**

ਪ੍ਰਾਈਮ ਬਿਲਡਿੰਗ ਮੇਨਟੇਨੈਂਸ ਕੰਪਨੀ ਨੂੰ ਕਾਮਿਆਂ ਦੀ ਲੋੜ ਹੈ ਜੋ ਜੈਨੀਟੋਰੀਅਲ ਸਰਵਿਸ ਲਈ ਚਾਹੀਦੇ ਹਨ
ਕੰਮ Light Duty and Heavy Duty ਦੋਵਾਂ ਤਰ੍ਹਾਂ ਦਾ ਹੋਵੇਗਾ।

- ਅਰਜ਼ੀਆਂ ਇਨ੍ਹਾਂ ਦੇ ਦਫ਼ਤਰ ਵਿਚ ਆਪ ਜਾ ਕੇ ਭਰੋ
- ਕੰਮ ਨੌਰਥ ਵੈਨਕੂਵਰ ਵਿਚ ਹੋਵੇਗਾ।

ਹੋਰ ਜਾਣਕਾਰੀ ਲਈ ਫ਼ੋਨ ਕਰੋ

ਫ਼ੋਨ : 270-7766

ਦਫ਼ਤਰ ਦਾ ਪਤਾ :

Prime Building Maintenance
# 13 - 12800 — Bathgate Way, RICHMOND, B.C.



**BERNARD SIMPSON & COMPANY**

NO CHARGE for initial consultation

Translation services available

• HANDLING CAR ACCIDENTS FOR OVER 15 YEARS

• CONTINGENCY FEES AVAILABLE (IF NO RECOVERY NO LEGAL FEE)

• ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
• ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

PHONE (604) 734-2272

999 WEST BROADWAY, VANCOUVER, B.C.
(SITUATED IN THE AUTOMOBILE ASSOCIATION BUILDING)

PRACTICE RESTRICTED TO INJURIES SUFFERED DUE TO CAR ACCIDENTS (ICBC CLAIMS)

# ਪਾਕਿਸਤਾਨ ਤੇ ਭਾਰਤ ਅਫ਼ਗਾਨ ਮਸਲੇ 'ਚ ਉਲਝੇ

## ਜ਼ਿਆ-ਉਲ-ਹੱਕ ਦੀ ਭਾਰਤ ਆਉਣ ਤੋਂ ਨਾਂਹ

ਨਵੀਂ ਦਿੱਲੀ — ਸੋਵੀਅਤ ਯੂਨੀਅਨ ਨੇ ਅਫਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ ਕੱਢਣ ਦਾ ਫੈਸਲਾ ਕਰਕੇ ਅਮਰੀਕਾ ਤੇ ਪਾਕਿਸਤਾਨ ਨੂੰ ਭੰਬਲਭੂਸੇ ਵਿਚ ਪਾ ਦਿੱਤਾ ਹੈ। ਅਮਰੀਕਾ ਤੇ ਪਾਕਿਸਤਾਨ ਇਸ ਗੱਲ ਉਤੇ ਜ਼ੋਰ ਦੇ ਰਹੇ ਹਨ ਕਿ ਸੋਵੀਅਤ ਫੌਜਾਂ ਨਿਕਲਣ ਤੋਂ ਪਹਿਲਾਂ ਕਾਬਲ ਵਿਚ 'ਕੋਲੀਸ਼ਨ ਸਰਕਾਰ' ਬਣਾਈ ਜਾਣੀ ਚਾਹੀਦੀ ਹੈ ਤਾਂਕਿ ਉਥੇ ਫੌਜਾਂ ਨਿਕਲਣ ਪਿਛੋਂ ਦੰਗੇ ਨਾ ਭੜਕ ਪੈਣ ਤੇ ਖਾਨਾਜੰਗੀ ਨਾ ਸ਼ੁਰੂ ਹੋ ਜਾਵੇ। ਸੋਵੀਅਤ ਯੂਨੀਅਨ ਦਾ ਕਹਿਣਾ ਹੈ ਕਿ ਇਹ ਫੈਸਲਾ ਅਫਗਾਨ ਲੋਕ ਕਰਨਗੇ ਕਿ ਕਿਹੜੀ ਪਾਰਟੀ ਦਾ ਰਾਜ ਹੋਵੇਗਾ।

### ਰਾਜੀਵ-ਜ਼ਿਆ ਫੋਨ ਵਾਰਤਾ

ਬੀ. ਬੀ. ਸੀ. ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪਾਕਿਸਤਾਨ ਦੇ ਰਾਸ਼ਟਰਪਤੀ ਜ਼ਿਆ-ਉਲ-ਹੱਕ ਨੂੰ ਸੁਨੇਹਾ ਭੇਜਿਆ ਕਿ ਅਫਗਾਨ ਮਸਲੇ ਬਾਰੇ ਗੱਲਬਾਤ ਲਈ ਉਹ ਦਿੱਲੀ ਪਹੁੰਚਣ ਪਰ ਜ਼ਿਆ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਇਸਲਾਮਾਬਾਦ ਪਹੁੰਚਣ ਕਿਉਂਕਿ ਉਹ ਮਸਰੂਫੀ ਕਾਰਨ ਨਹੀਂ ਪਹੁੰਚ ਸਕਦੇ।

ਰਾਜਨੀਤਕ ਹਲਕਿਆਂ ਵਿਚ ਜ਼ਿਆ-ਰਾਜੀਵ ਗੱਲਬਾਤ ਦਾ ਜ਼ਿਕਰ ਦਿਲਚਸਪੀ ਨਾਲ ਕੀਤਾ ਜਾ ਰਿਹਾ ਹੈ ਕਿਉਂਕਿ ਪਾਸਿਕਤਾਨ ਵਿਚ ਲੱਖਾਂ ਅਫਗਾਨੀ ਲੋਕਾਂ ਨੇ ਸ਼ਰਨ ਲੈ ਰੱਖੀ ਹੈ ਤੇ ਜ਼ਿਆ ਇਸ ਸਮੇਂ ਕੁੜਿੱਕੀ ਵਿਚ ਹੈ। ਅਫਗਾਨੀਆਂ ਨੂੰ ਸੀ. ਆਈ. ਏ. ਨੇ ਇੰਨੇ ਹਥਿਆਰ ਸਪਲਾਈ ਕੀਤੇ ਹਨ ਕਿ ਪਾਕਿਸਤਾਨ ਦੇ ਹਰ ਘਰ ਵਿਚ ਹਥਿਆਰਾਂ ਦੇ ਢੇਰ ਲੱਗੇ ਪਏ ਹਨ। ਜ਼ਿਆ ਇਨ੍ਹਾਂ ਅਫਗਾਨਾਂ ਨੂੰ ਕਿਸੇ ਵੀ ਤਰ੍ਹਾਂ ਪਾਕਿਸਤਾਨ ਵਿਚੋਂ ਕੱਢਣ ਉਤੇ ਤੁਲਿਆ ਹੋਇਆ ਹੈ। ਅਫਗਾਨਾਂ ਕਾਰਨ ਪਾਕਿਸਤਾਨ ਵਿਚ ਹਿੰਸਾ ਵੱਧ ਰਹੀ ਹੈ ਤੇ ਉਨ੍ਹਾਂ ਨੂੰ ਕੈਂਪਾਂ ਵਿਚ ਰੱਖਣ ਦਾ ਖਰਚਾ ਵੀ ਬਰਦਾਸ਼ਤ ਕਰਨਾ ਪੈ ਰਿਹਾ ਹੈ।

### ਕੇ. ਸੀ. ਐਸ. ਮੈਨਨ ਇਸਲਾਮਾਬਾਦ ਪਹੁੰਚੇ

ਜ਼ਿਆ-ਰਾਜੀਵ ਫੋਨ ਵਾਰਤਾ ਦੇ ਆਧਾਰ ਉਤੇ ਬਦੇਸ਼ੀ ਮੰਤਰਾਲੇ ਦੇ ਸ੍ਰੀ ਕੇ ਸੀ ਐਸ ਮੈਨਨ ਇਸਲਾਮਾਬਾਦ ਪਹੁੰਚ ਗਏ ਹਨ। ਖਬਰਾਂ ਅਨੁਸਾਰ ਅਮਰੀਕਾ ਤੇ ਸੋਵੀਅਤ ਯੂਨੀਅਨ ਇਸ ਗੱਲ ਉਤੇ ਰਾਜ਼ੀ ਹਨ ਕਿ ਸੋਵੀਅਤ ਫੌਜਾਂ ਦੀ ਵਾਪਸੀ ਸਮੇਂ ਪਾਕਿਸਤਾਨੀ ਅਤੇ ਭਾਰਤੀ ਫੌਜਾਂ ਦੇਸ਼ ਵਿਚ ਸ਼ਾਂਤੀ ਸੈਨਾ ਦੇ ਤੌਰ ਉਤੇ ਤਾਈਨਾਤ ਕੀਤੀਆਂ ਜਾਣ।



### ਭਾਰਤ ਲਈ ਹੋਰ ਮੁਸ਼ਕਲ

ਅਫਗਾਨਿਸਤਾਨ ਵਿਚ ਭਾਰਤੀ ਫੌਜਾਂ ਭੇਜਣ ਦੇ ਮਸਲੇ ਬਾਰੇ ਦੇਸ਼ ਨੂੰ ਹੋਰ ਮੁਸ਼ਕਲ ਦਾ ਸਾਹਮਣਾ ਹੋਵੇਗਾ ਕਿਉਂਕਿ 40,000 ਫੌਜੀ ਸ੍ਰੀ. ਲੰਕਾ ਵਿਚ ਪਹਿਲਾਂ ਹੀ ਤਾਮਿਲ ਗੁਰੀਲਿਆਂ ਦਾ ਸਾਹਮਣਾ ਕਰ ਰਹੇ ਹਨ ਉਥੇ ਸ਼ਾਂਤੀ ਦੀ ਸੰਭਾਵਨਾ ਅਜੇ ਨਜ਼ਰ ਨਹੀਂ ਆ ਰਹੀ।

# ਬਟਾਲਾ ਵਿਚ ਈਸਾਈ ਪ੍ਰਵਾਰ ਦਾ ਖਾਤਮਾ

ਬਟਾਲਾ — ਇਥੇ ਹੋਏ ਇਕ ਕਤਲ ਕਾਂਡ ਵਿਚ ਦਹਿਸ਼ਤਗਰਦਾਂ ਨੇ ਇਕ ਈਸਾਈ ਪ੍ਰਵਾਰ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਮਰਨ ਵਾਲਿਆਂ ਵਿਚ ਸੱਤ ਜੀਅ ਸ਼ਾਮਲ ਸਨ।

ਇਹ ਪ੍ਰਵਾਰ ਕੁਲਵੰਤ ਮਸੀਹ ਦਾ ਪ੍ਰਵਾਰ ਸੀ। ਗੁਰਦਾਸਪੁਰ ਜ਼ਿਲੇ ਦੇ ਪੁਲਸ ਕਪਤਾਨ ਵਿਰਦੀ ਨੇ ਕਿਹਾ ਕਿ ਦਹਿਸ਼ਤਗਰਦਾਂ ਨੇ ਪਿਛਲੇ ਦੋ ਮਹੀਨੇ ਤੋਂ ਸਿੱਖ, ਹਿੰਦੂ ਤੇ ਈਸਾਈ ਧਰਮਾਂ ਦੇ ਵਿਅਕਤੀਆਂ ਉਤੇ ਆਪਣੇ ਹਮਲੇ ਤੇਜ਼ ਕੀਤੇ ਹੋਏ ਹਨ।

ਵਿਰਦੀ ਨੇ ਕਿਹਾ ਕਿ ਦਹਿਸ਼ਤਗਰਦਾਂ ਦੀ ਨਵੀਂ ਨੀਤੀ ਵਿਚ ਪ੍ਰਵਾਰਾਂ ਨੂੰ ਕਤਲ ਕਰਨਾ ਸ਼ਾਮਲ ਹੈ। ਉਸ ਨੇ ਕਿਹਾ ਕਿ ਸ਼ਰਮ ਦੀ ਗੱਲ ਹੈ ਕਿ ਬੱਚਿਆਂ ਅਤੇ ਔਰਤਾਂ ਨੂੰ ਵੀ ਮੁਆਫ਼ ਨਹੀਂ ਕੀਤਾ ਜਾ ਰਿਹਾ।

# ਬੰਗਲਾ ਦੇਸ਼ ਵਿਚ ਚੋਣਾਂ ਅੱਜ

## ਸਰਕਾਰ-ਵਿਰੋਧੀ ਮੁਜ਼ਾਹਰੇ ਜਾਰੀ

ਢਾਕਾ — ਬੰਗਲਾ ਦੇਸ਼ ਵਿਚ ਚੋਣਾਂ ਅੱਜ ਹੋ ਰਹੀਆਂ ਹਨ ਪਰ ਇਰਸ਼ਾਦ-ਵਿਰੋਧੀ ਮੁਜ਼ਾਹਰੇ ਲਗਾਤਾਰ ਜਾਰੀ ਹਨ। ਵਿਰੋਧੀ ਪਾਰਟੀਆਂ ਇਸ ਗੱਲ ਉਤੇ ਤੁਲੀਆਂ ਹੋਈਆਂ ਹਨ ਕਿ ਚੋਣਾਂ ਦਾ ਸਮੁੱਚੇ ਤੌਰ ਉਤੇ ਬਾਈਕਾਟ ਕੀਤਾ ਜਾਵੇ। ਪਰਸੋਂ ਹੋਏ ਇਕ ਮੁਜ਼ਾਹਰੇ ਵਿਚ ਪ੍ਰਦਰਸ਼ਨਕਾਰੀਆਂ ਉਤੇ ਬੰਬ ਸੁਟੇ ਗਏ ਜਿਸ ਨਾਲ ਤਿੰਨ ਪ੍ਰਦਰਸ਼ਨਕਾਰੀ ਮੌਕੇ ਉਤੇ ਹੀ ਮਾਰੇ ਗਏ ਅਤੇ 100 ਦੇ ਕਰੀਬ ਜ਼ਖਮੀ ਹੋਏ।

ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਧਮਕੀ ਦਿੱਤੀ ਹੈ ਕਿ ਚੋਣਾਂ ਸਮੇਂ ਹਿੰਸਾ ਹੋਰ ਵੀ ਭੜਕੇਗੀ।

### ਗਰਨੇਡ ਨਾਲ 8 ਮਰੇ

ਬੰਗਕੌਕ — ਇਕ ਸ਼ਰਾਬੀ ਫੌਜੀ ਨੇ ਰੌਲਾ ਪਾਉਂਦੇ ਨੌਜਵਾਨਾਂ ਉਤੇ ਬੰਬ ਸੁਟਣ ਦੀ ਧਮਕੀ ਦਿੱਤੀ ਹੀ ਸੀ ਕਿ ਗਰਨੇਡ ਉਸਦੇ ਹੱਥਾਂ ਵਿਚ ਹੀ ਚਲ ਗਿਆ। ਸ਼ਰਾਬੀ ਫੌਜੀ ਆਪ ਵੀ ਮਰ ਗਿਆ ਤੇ ਉਸ ਨਾਲ ਸੱਤ ਨੌਜਵਾਨ ਹੋਰ ਮਾਰੇ ਗਏ। 30 ਨੌਜਵਾਨ ਜ਼ਖਮੀ ਹੋਏ।

ਇਹ ਘਟਨਾ ਸ਼ਹਿਰ ਵਿਚ ਉਸ ਸਮੇਂ ਵਾਪਰੀ ਜਦ ਮੇਲੇ ਵਿਚ ਨੌਜਵਾਨ ਰੌਲਾ ਪਾਉਣ ਲਗੇ।

BOOK NOW — FLY LATER

**GOYAL TRAVELS INC.**

4152 FRASER ST., VANCOUVER, B.C. V5V 4E8
PHONE (604) 877—7777



ATAC

IATA

GOYAL TRAVEL & TOURS CANADA INC.

| TORONTO<br>ਟਰਾਂਟੋ | CALGARY<br>ਕੈਲਗਰੀ | EDMONTON<br>ਐਡਮਿੰਟਨ |
|---|---|---|
| SUITE 211, 593 YONGE ST.<br>TORONTO, ONT. M4Y 1Z4<br>PH. (416) 960-3666 | UNIT 1-5320-8th. AVE. S.E.<br>CALGARY, ALBERTA, T2A 4L7<br>PH. (403) 235-6808 | 9344 -34th. AVE., STRATHCONA SQUARE,<br>EDMONTON, ALTA. T6E 5X8<br>PH. (403) 462-2424 |

**We offer Low Low Fares to:**
New Delhi, Bombay, Calcutta, Madras, Cochin, Trivandrum, Columbo, Karachi, Lahore, Islamabad, Peshawar, Kathmandu & other destinations.

ASSOCIATED OFFICES IN INDIA
Jalandhar City: Opposite Nehru Gardens, G. T. Road, Ph. 77526
Moga: Court Rd. Ph. 2798
Jagraon: Court Rd. Ph. 252

*WE ARE AUTHORIZED AGENTS FOR*
JAPAN AIR LINES
Air Canada, Air India, Air France, British Airways, Canadian Pacific Airlines, KLM, Pan Am, Wardair & other major Airlines.

TOLL FREE IN B.C. ALBERTA, SASKATECHEWAN and MANITOBA 1-800-663-8638

# ਖਾਲਸਾ ਦੀਵਾਨ ਸੁਸਾਇਟੀ ਪੋਰਟ ਅਲਬਰਨੀ ਦੀ ਚੋਣ ਸਰਬਸੰਮਤੀ ਨਾਲ ਹੋਈ

ਖਾਲਸਾ ਦੀਵਾਨ ਸੁਸਾਇਟੀ ਪੋਰਟ ਅਲਬਰਨੀ ਦੀ ਸਾਲਾਨਾ ਚੋਣ ਸਰਬਸੰਮਤੀ ਨਾਲ ਹੋਈ। ਨਵੇਂ ਸੇਵਾਦਾਰਾਂ ਦੇ ਨਾਂ ਇਸ ਪ੍ਰਕਾਰ ਹਨ :

1. ਬਲਵਿੰਦਰ ਸਿੰਘ ਗਿੱਲ — ਪ੍ਰਧਾਨ ਤੇ ਸਟੇਜ ਸਕੱਤਰ
2. ਸੁਖਦੇਵ ਸਿੰਘ ਮਾਨ — ਮੀਤ-ਪ੍ਰਧਾਨ
3. ਅਵਤਾਰ ਸਿੰਘ ਢਿੱਲੋਂ — ਸਕੱਤਰ
4. ਗੁਰਦਿੱਤ ਸਿੰਘ ਕਟਾਰੀਆ — ਮੀਤ-ਸਕੱਤਰ
5. ਪ੍ਰਮਿੰਦਰ ਸਿੰਘ ਸਚਦੇਵ — ਖਜ਼ਾਨਚੀ
6. ਜਗਜੀਤ ਸਿੰਘ ਮਨਚੰਦਾ — ਮੀਤ ਖਜ਼ਾਨਚੀ
7. ਹਰਨੇਮ ਸਿੰਘ ਕੰਬੋ — ਮੈਂਬਰ

ਨੋਟ — ਸੇਵਾਦਾਰਾਂ ਵਲੋਂ ਬੇਨਤੀ ਹੈ ਕਿ ਸਤਿਗੁਰਾਂ ਦੇ ਪ੍ਰੇਮ ਭਓ ਵਿਚ ਰਹਿੰਦਿਆਂ ਗੁਰ ਮਰਿਆਦਾ ਅਨੁਸਾਰ ਗੁਰੂ ਘਰ ਦੀ ਸੇਵਾ ਵਿਚ ਵੱਧ ਤੋਂ ਵੱਧ ਹਿੱਸਾ ਪਾ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਪ੍ਰਬੰਧਕ ਕਮੇਟੀ,
ਖਾਲਸਾ ਦੀਵਾਨ ਸੁਸਾਇਟੀ, ਪੋਰਟ ਅਲਬਰਨੀ।

# ਪਾਠਕਾਂ ਪ੍ਰਤੀ ਸੂਚਨਾ

'ਕੈਨੇਡਾ ਦਰਪਣ' ਦੇ ਸਟਾਫ਼ ਵਿਚ ਕਮੀ ਹੋਣ ਕਾਰਨ ਅਗਲੇ ਕੁਝ ਸਮੇਂ ਲਈ 'ਕੈਨੇਡਾ ਦਰਪਣ' ਨੂੰ ਸਪਤਾਹਿਕ ਦੀ ਥਾਂ ਪੰਦਰਾ-ਰੋਜ਼ਾ ਕਰਨਾ ਪੈ ਰਿਹਾ ਹੈ। 'ਕੈਨੇਡਾ ਦਰਪਣ' ਉਸ ਸਮੇਂ ਤੱਕ ਪੰਦਰਾ-ਰੋਜ਼ਾ ਰਹੇਗਾ ਜਦ ਤੱਕ ਯੋਗ ਸਟਾਫ਼ ਦੀ ਨਿਯੁਕਤੀ ਨਹੀਂ ਕਰ ਲਈ ਜਾਂਦੀ। ਪਾਠਕਾਂ ਦੇ ਚੰਦੇ ਦੀ ਮਿਆਦ ਵਿਚ ਉਨੇ ਅੰਕਾਂ ਦਾ ਵਾਧਾ ਕਰ ਦਿੱਤਾ ਜਾਵੇਗਾ। ਆਸ ਹੈ 'ਕੈਨੇਡਾ ਦਰਪਣ' ਦੇ ਹਮਦਰਦ ਪਾਠਕ ਇਸ ਮਜਬੂਰੀ ਲਈ ਖਿਮਾਂ ਕਰਨਗੇ !

—ਸਰਕੂਲੇਸ਼ਨ ਵਿਭਾਗ

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

# ਲੋਕ-ਬਾਣੀ

## ਖਾਲਿਸਤਾਨੀ ਸੰਸਥਾਵਾਂ ਤੇ ਜੋਅ ਕਲਾਰਕ ਦਾ ਬਿਆਨ

ਪਿਛਲੇ ਦਿਨੀਂ ਅਖਬਾਰਾਂ ਵਿਚ ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਦੇ ਉਸ ਬਿਆਨ ਦੀ ਬੜੀ ਚਰਚਾ ਹੋਈ ਹੈ ਜਿਸ ਵਿਚ ਉਸਨੇ ਕੈਨੇਡਾ ਦੇ ਰਾਜਨੀਤਕ ਲੋਕਾਂ ਨੂੰ ਕਿਹਾ ਹੈ ਕਿ ਉਹ ਖਾਲਿਸਤਾਨ ਦਾ ਪ੍ਰਚਾਰ ਕਰਦੀਆਂ ਸੰਸਥਾਵਾਂ ਦਾ ਬਾਈਕਾਟ ਕਰਨ । ਇਨ੍ਹਾਂ ਸੰਸਥਾਵਾਂ ਦੇ ਕੀ ਉਦੇਸ਼ ਹਨ — ਇਨ੍ਹਾਂ ਬਾਰੇ ਕੈਨੇਡਾ ਵਿਚ ਰਹਿੰਦੇ ਲੋਕਾਂ ਨੂੰ ਕੋਈ ਭੁਲੇਖਾ ਨਹੀਂ ਹੈ । ਕੈਨੇਡਾ ਦੇ ਲਗਪਗ ਸਾਰੇ ਗੁਰਦੁਆਰਿਆਂ ਉਤੇ ਇਨ੍ਹਾਂ ਦਾ ਕਬਜ਼ਾ ਹੈ । ਜਿਥੇ ਜਿਥੇ ਇਹ ਸੰਸਥਾਵਾਂ ਕਬਜ਼ਾ ਕਰਨ ਤੋਂ ਅਸਮਰਥ ਰਹੀਆਂ ਹਨ, ਉਥੇ ਉਥੇ ਇਨ੍ਹਾਂ ਦੂਜੇ ਗੁਰੂ ਘਰਾਂ ਦੀ ਉਸਾਰੀ ਸ਼ੁਰੂ ਕੀਤੀ ਹੋਈ ਹੈ । ਪੰਜਾਬ ਵਿਚ ਵਾਪਰ ਰਹੇ ਦੁਖਾਂਤ ਦਾ ਹਰ ਪੰਜਾਬੀ ਨੂੰ ਰੋਸ ਹੈ ਤੇ ਗੁੱਸਾ ਵੀ ਹੈ । ਪੰਜਾਬ ਦੇ ਦੁਖਾਂਤ ਲਈ ਭਾਰਤ ਦੀ ਕੇਂਦਰੀ ਸਰਕਾਰ ਮੁਕੰਮਲ ਤੌਰ ਉਤੇ ਜ਼ਿਮੇਂਵਾਰ ਹੈ ਜਿਵੇਂ 1977 ਤੋਂ ਸ਼ੁਰੂ ਕੀਤੀ ਖਾਲਿਸਤਾਨੀ ਲਹਿਰ ਲਈ ਵੀ ਕਾਂਗਰਸੀ ਆਗੂ ਹੀ ਜ਼ਿਮੇਂਵਾਰ ਹਨ

'ਖਾਲਿਸਤਾਨ' ਦਾ ਨਾਂ 'ਦਲ ਖਾਲਸਾ' ਜਥੇਬੰਦੀ ਨੇ ਪ੍ਰਚਲਤ ਕਰਨਾ ਸ਼ੁਰੂ ਕੀਤਾ ਤੇ ਇਸ ਦੇ ਪਿੱਛੇ ਕਾਂਗਰਸੀ ਆਗੂ ਹੀ ਸਨ ਜਿਨ੍ਹਾਂ ਇਹ ਜਥੇਬੰਦੀ ਸ਼ੁਰੂ ਕੀਤੀ । ਇਸ ਬਾਰੇ ਮਾਰਕ-ਟੱਲੀ ਤੋਂ ਲੈ ਕੇ ਹਰਜੀ ਮਲਿਕ ਤੱਕ ਹਰ ਪੱਤਰਕਾਰ ਨੇ ਸਬੂਤ ਪੇਸ਼ ਕੀਤੇ ਹਨ । ਪੰਜਾਬ ਵਿਚ ਗਊਆਂ ਦੀਆਂ ਪੂਛਾਂ ਤੇ ਸਿਗਰਟਾਂ ਸੁਟਣ ਤੋਂ ਸ਼ੁਰੂ ਕਰਕੇ ਇਹ ਲਹਿਰ ਪੰਜਾਬ ਤੋਂ ਚਲਦੀ ਬਦੇਸ਼ਾਂ ਵਿਚ ਵੀ ਕਾਂਗਰਸੀ ਹਾਕਮਾਂ ਨੇ ਹੀ ਪਹੁੰਚਾਈ ਹੈ । ਬਦੇਸ਼ਾਂ ਵਿਚ ਆਪਣੇ ਬੰਦੇ ਭੇਜਕੇ ਇਹ ਲਹਿਰ ਸ਼ੁਰੂ ਕੀਤੀ ਗਈ ਤਾਂ ਫਿਰ ਇਥੇ ਦੀ ਪੰਜਾਬੀ ਪੱਤਰਕਾਰੀ ਵਿਚ ਘੁਸਪੈਂਠ ਕਰਕੇ ਅਜਿਹੇ ਪੱਤਰਕਾਰ ਖਰੀਦੇ ਗਏ ਜੋ ਅਗਾਂਹ ਵਧੂਆਂ ਤੋਂ ਸਿੱਧੇ ਖਾਲਿਸਤਾਨੀ ਕੈਂਪ ਵਿਚ ਪੁਜ ਗਏ ।

1984 ਤੋਂ ਪਿਛੋਂ ਕੈਨੇਡਾ ਵਿਚ ਸੈਂਕੜੇ ਲੋਕਾਂ ਨੂੰ ਕੁਟਿਆ ਮਾਰਿਆ ਗਿਆ — ਘਰਾਂ ਨੂੰ ਅੱਗਾਂ ਲਾਈਆਂ ਗਈਆਂ — ਆਖਰ ਇਥੇ ਵੀ ਨੌਬਤ ਗੋਲੀਆਂ ਤੱਕ ਪੁਜ ਗਈ । ਕਿਸੇ ਖਾਲਿਸਤਾਨੀ ਸੰਸਥਾ ਨੇ ਇਨ੍ਹਾਂ ਘਟਨਾਵਾਂ ਦੀ ਨਿੰਦਾ ਨਹੀਂ ਕੀਤੀ । ਕਿਸੇ ਖਾਲਿਸਤਾਨੀ ਅਖਬਾਰ ਨੇ ਹਿੰਸਾ ਨੂੰ ਗਲਤ ਨਹੀਂ ਕਿਹਾ । ਲੋਕਾਂ ਦੀ ਬੋਲਣ ਤੇ ਲਿਖਣ ਦੀ ਆਜ਼ਾਦੀ ਦਾ ਗਲਾ ਘੁਟਿਆ ਗਿਆ । ਸਗੋਂ ਅਜਿਹੇ 'ਕਾਰਨਾਮੇ' ਕਰਨ ਵਾਲਿਆਂ ਨੂੰ ਹੀਰੋ ਬਣਾ ਕੇ ਪੇਸ਼ ਕੀਤਾ ਗਿਆ । ਹਿੰਸਾ ਵਿਰੁੱਧ ਲਿਖਦੇ ਅਖਬਾਰਾਂ ਨੂੰ ਸਰਕਾਰੀ ਅਖਬਾਰ ਗਰਦਾਨਿਆ ਗਿਆ ਤੇ ਬਾਈਕਾਟ ਦੀਆਂ ਧਮਕੀਆਂ ਦਿੱਤੀਆਂ ਗਈਆਂ ।

ਭਾਰਤ ਵਿਚ ਅੱਜ ਵੀ ਸਰਕਾਰੀ ਤੇ ਖਾਲਿਸਤਾਨੀ ਦਹਿਸ਼ਤਗਰਦੀ ਹੇਠ ਪੰਜਾਬ ਦੇ ਲੋਕ ਪਿਸ ਰਹੇ ਹਨ ਤੇ ਹਜ਼ਾਰਾਂ ਬੇਗੁਨਾਹ ਮਾਰੇ ਜਾ ਰਹੇ ਹਨ । ਬੇਗੁਨਾਹਾਂ ਦੇ ਮਰਨ ਉਤੇ ਇਨ੍ਹਾਂ ਕਦੇ ਅਫਸੋਸ ਨਹੀਂ ਕੀਤਾ । ਕੈਨੇਡਾ ਵਿਚ ਇਨ੍ਹਾਂ ਸੰਸਥਾਵਾਂ ਦਾ ਰੋਲ ਕੀ ਹੈ — ਉਹ ਤਾਂ ਇਹ ਹੀ ਦੱਸ ਸਕਦੀਆਂ ਹਨ ਜਾਂ ਟੋਰੀ ਸਰਕਾਰ ਦੱਸ ਸਕਦੀ ਹੈ ਜੋ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਹੁਣ ਤੱਕ ਬਰਦਾਸ਼ਤ ਕਰਦੀ ਰਹੀ ਹੈ ।

## ਸੰਵਾਦ ਵਾਲੇ ਸੁਖਿੰਦਰ ਦੇ ਨਾਂ ਖੁੱਲ੍ਹਾ ਖਤ

ਪਿਛਲੇ ਕਾਫ਼ੀ ਸਮੇਂ ਤੋਂ ਵੈਨਕੂਵਰੋਂ ਛਪਦੇ ਕਈ ਪੰਜਾਬੀ ਪੇਪਰਾਂ 'ਚ ਤੁਹਾਡੀਆਂ ਲਿਖਤਾਂ ਛਪਦੀਆਂ ਆ ਰਹੀਆਂ ਹਨ । ਇਨ੍ਹਾਂ ਲਿਖਤਾਂ 'ਚ ਸੰਪਾਦਕਾਂ ਦੇ ਨਾਂ ਚਿੱਠੀਆਂ, ਭਾਰਤੀ ਪੰਜਾਬੀ ਲੇਖਕਾਂ ਨਾਲ ਮੁਲਾਕਾਤਾਂ, 'ਇਕ ਸਫਰ' ਵਰਗੇ ਲੇਖ ਅਤੇ ਕਵਿਤਾਵਾਂ ਆਦਿ ਸ਼ਾਮਲ ਹਨ । ਇਸ ਤੋਂ ਇਲਾਵਾ ਵੈਨਕੂਵਰ 'ਚ ਹੋਈ ਪੰਜਾਬੀ ਕਾਨਫਰੰਸ ਵਾਰੇ ਵੀ ਤੁਹਾਡੇ ਵਿਚਾਰ ਪੜ੍ਹਨ ਨੂੰ ਮਿਲੇ ਹਨ । ਇਨ੍ਹਾਂ ਲਿਖਤਾਂ ਨੂੰ ਪੜ੍ਹਨ ਤੋਂ ਬਾਅਦ ਤੁਹਾਡੇ ਵਾਰੇ ਪ੍ਰਭਾਵ ਇਹ ਬਣਦਾ ਹੈ ਕਿ ਤੁਸੀਂ ਆਪਣੇ ਆਪ ਨੂੰ ਇਕ ਲੋਕ ਪੱਖੀ ਪ੍ਰਗਤੀਵਾਦੀ ਲੇਖਕ ਸਮਝਦੇ ਹੋ । ਇਕ ਪ੍ਰਗਤੀਵਾਦੀ ਲੇਖਕ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਆਲੇ ਦੁਆਲੇ ਹੋ ਰਹੀਆਂ ਸਾਹਿਤਕ, ਸਭਿਆਚਾਰਕ ਸਰਗਰਮੀਆਂ ਦੀ ਇਮਾਨਦਾਰੀ ਨਾਲ ਪੜਚੋਲ ਕਰੇ ।

ਪੰਜਾਬੀ ਕਾਨਫਰੰਸ ਬਾਰੇ ਜਿਹੜਾ ਰਵੱਈਆ ਤੁਸੀਂ ਅਪਣਾਇਆ ਹੈ, ਉਸ ਨੂੰ ਕਦੀ ਵੀ ਉਸਾਰੂ ਨਹੀਂ ਕਿਹਾ ਜਾ ਸਕਦਾ । ਕਾਨਫਰੰਸ ਸਬੰਧੀ ਤੁਹਾਡੇ ਲੇਖ ਸਵੈ ਵਿਰੋਧ ਨਾਲ ਭਰੇ ਪਏ ਹਨ । ਇਕ ਪਾਸੇ ਤਾਂ ਤੁਸੀਂ ਇਸ ਕਾਨਫਰੰਸ ਨੂੰ ਬੜੀ ਸਫਲ ਮੰਨਦੇ ਹੋ ਅਤੇ ਇਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋ ਅਤੇ ਨਾਲ ਹੀ ਇਹ ਪ੍ਰਾਪਤੀਆਂ ਤੁਹਾਨੂੰ ਅਪ੍ਰਾਪਤੀਆਂ ਲੱਗਣ ਲੱਗ ਪੈਂਦੀਆਂ ਹਨ । ਇਸ ਕਾਨਫਰੰਸ ਵਿਚ ਇਕ ਦਰਸ਼ਕ ਵਜੋਂ ਮੈਂ ਵੀ ਹਾਜ਼ਰ ਸੀ । ਇਥੇ ਮੈਂ ਇਸ ਕਾਨਫਰੰਸ ਦੀਆਂ ਪ੍ਰਾਪਤੀਆਂ ਆਪ੍ਰਾਪਤੀਆਂ ਦੇ ਚੱਕਰ ਵਿਚ ਨਾ ਪੈਂਦਾ ਹੋਇਆ, ਪਿਛਲੇ ਸਮੇਂ 'ਚ ਛਪੀਆਂ ਤੁਹਾਡੀਆਂ ਲਿਖਤਾਂ ਪ੍ਰਤੀ ਕੁਝ ਸਵਾਲ ਪੁੱਛਣੇ ਚਾਹੁੰਦਾ ਹਾਂ ਤਾਂ ਜੋ ਤੁਹਾਡੇ ਪ੍ਰਗਤੀਵਾਦ ਸਬੰਧੀ ਪੈਦਾ ਹੋਏ ਮੇਰੇ ਸ਼ੰਕੇ ਦੂਰ ਹੋ ਸਕਣ । ਇਥੋਂ ਛਪਦੇ ਇਕ ਪੰਜਾਬੀ ਪੱਤਰ ਦੇ 15 ਜਨਵਰੀ ਵਾਲੇ ਅੰਕ 'ਚ ਤੁਹਾਡੀ ਸੰਪਾਦਕ ਦੇ ਨਾਂ ਇਕ ਚਿੱਠੀ ਅਤੇ ਕਾਨਫਰੰਸ ਸਬੰਧੀ ਲੇਖ ਪੜ੍ਹਨ ਨੂੰ ਮਿਲਿਆ ।

ਤੁਸੀਂ ਆਪਣੀ ਚਿੱਠੀ ਦੇ ਸ਼ੁਰੂ ਵਿਚ ਹੀ ਲਿਖਿਆ ਹੈ, "ਇਸ ਸਾਲ ਵੈਨਕੂਵਰ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਸਬੰਧਤ ਦੋ ਵੱਡੇ ਉਪਰਾਲੇ ਕੀਤੇ ਗਏ । ਇਕ ਇੰਡੋ-ਕਨੇਡੀਅਨ ਟਾਇਮਜ਼ ਵਲੋਂ ਅਤੇ ਇਕ ਪੰਜਾਬੀ ਲੇਖਕ ਮੰਚ, ਵੈਨਕੂਵਰ ਵਲੋਂ ।" ਕੀ ਤੁਸੀਂ ਦੱਸੋਗੇ ਕਿ ਉਪਰੋਕਤ ਪਰਚੇ ਵਲੋਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਸਬੰਧਤ ਕਿਹੜਾ ਉਪਰਾਲਾ ਕੀਤਾ ਗਿਆ ? ਜੇ ਤੁਸੀਂ ਪੰਜਾਬੀ ਦਾ ਪਰਚਾ ਜਾਂ ਅਖਬਾਰ ਚਲਾਉਣ ਨੂੰ ਹੀ ਸਾਹਿਤ ਅਤੇ ਸਭਿਆਚਾਰ ਲਈ ਉਪਰਾਲਾ ਸਮਝਦੇ ਹੋ ਤਾਂ ਅੱਜ ਕੱਲ੍ਹ ਪੰਜਾਬ ਦੇ ਬੁੱਕ ਸਟਾਲਾਂ ਤੇ ਵਿਕ ਰਹੇ ਬਹੁਤ ਸਾਰੇ ਅਸ਼ਲੀਲ, ਲੱਚਰ ਅਤੇ ਫਿਰਕੂ ਅੱਗ ਨੂੰ ਹਵਾ ਦੇ ਰਹੇ ਪੰਜਾਬੀ 'ਚ ਛਪਦੇ ਪੇਪਰ ਤੁਹਾਡੀ ਨਜ਼ਰ ਵਿਚ ਸਾਹਿਤ ਅਤੇ ਸਭਿਆਚਾਰ ਲਈ ਉਪਰਾਲਾ ਹੋਣਗੇ । ਸੁਖਿੰਦਰ ਜੀ, ਕਿਤੇ ਇਹ ਤਾਂ ਨਹੀਂ ਕਿ ਉਪਰੋਕਤ ਪਰਚੇ ਵਿਚ ਆਪਣੀਆਂ ਲਿਖਤਾਂ ਛਪਾਉਣ ਲਈ ਤੁਹਾਨੂੰ ਇਹ ਝੂਠੀ ਪ੍ਰਸੰਸਾ ਕਰਨੀ ਪਈ ।

ਇਸ ਪਰਚੇ ਵਿਚ ਕਾਨਫਰੰਸ ਦੀਆਂ ਆਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਤੁਸੀਂ ਕੁਝ ਲੇਖਕਾਂ ਦੇ ਨਾਂ ਲਿਖੇ ਹਨ, ਜਿਨ੍ਹਾਂ ਨੂੰ ਕਾਨਫਰੰਸ 'ਚ ਸ਼ਾਮਲ ਹੋਣ ਲਈ ਸੱਦਾ ਪੱਤਰ ਨਾ ਭੇਜੇ ਜਾਣ 'ਤੇ ਤੁਸੀਂ ਨਾਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ । ਇਨ੍ਹਾਂ ਨਾਂਵਾਂ ਵਿਚ ਕੁਝ ਲੇਖਕ ਅਜਿਹੇ ਹਨ ਜੋ ਐਲਾਨੀਆ ਫਿਰਕੂਪੁਣੇ ਅਤੇ ਅਤਿਵਾਦ ਦੇ ਹੱਕ ਵਿਚ ਭੁਗਤਦੇ ਹਨ । ਅਜਿਹੇ ਲੇਖਕਾਂ ਨੂੰ ਨਾ ਸੱਦਣ 'ਤੇ ਇਕ ਪ੍ਰਗਤੀਵਾਦੀ ਲੇਖਕ ਨੂੰ ਇਨਾ ਦੁੱਖ ਕਿਉਂ ਹੋਇਆ ?

ਤੁਸੀਂ ਲਿਖਿਆ ਹੈ, "ਜੇਕਰ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਕੁਝ ਨੁਮਾਇੰਦਿਆਂ ਨੂੰ ਸਾਹਿਤਕ ਪਰਚੇ ਲਿਖਣ ਲਈ ਨਿਮੰਤਰਿਤ ਕੀਤਾ ਜਾ ਸਕਦਾ ਹੈ ਤਾਂ ਹੋਰਨਾਂ ਨੂੰ ਕਿਉਂ ਨਹੀਂ ?" ਇਥੇ ਸਮਝ ਨਹੀਂ ਆਈ ਕਿ ਤੁਹਾਨੂੰ ਕਿਸੇ ਗੁਰਦਵਾਰੇ ਦੇ ਨੁਮਾਇੰਦੇ ਤੋਂ ਪਰਚਾ ਲਿਖਾਉਣ 'ਤੇ ਇਤਰਾਜ਼ ਹੈ ਜਾਂ ਹੋਰਨਾਂ ਗੁਰਦਵਾਰਿਆਂ ਦੇ ਨੁਮਾਇੰਦਿਆਂ ਤੋਂ ਨਾ ਲਿਖਾਉਣ 'ਤੇ । ਕੀ ਤੁਸੀਂ ਸਪੱਸ਼ਟ ਕਰੋਗੇ ?

ਕਾਨਫਰੰਸ ਦੀ ਸਮਾਪਤੀ ਵੇਲੇ ਹੋਏ ਕਵੀ ਦਰਬਾਰ ਵਿਚ ਸੁਣਾਈ ਗਈ ਇਕ ਕਵੀਸ਼ਰੀ 'ਤੇ ਤੁਹਾਨੂੰ ਕਾਫ਼ੀ ਇਤਰਾਜ਼ ਹੈ । ਮਜ਼ਾਕੀਆ ਲਹਿਜੇ ਵਿੱਚ ਸੁਣਾਈ ਗਈ ਇਸ ਕਵੀਸ਼ਰੀ ਨੂੰ ਜਾਤੀ ਕਿਰੜਾਂ ਕੱਢਣ ਲਈ ਵਰਤਣਾ ਤੁਹਾਡੇ ਵਰਗੇ ਪ੍ਰਗਤੀਵਾਦੀ ਨੂੰ ਸ਼ੋਭਾ ਨਹੀਂ ਦਿੰਦਾ । ਮੇਰੇ ਖਿਆਲ 'ਚ ਉਸ ਕਵੀ ਦਰਬਾਰ ਵਿਚ ਸ਼ਾਮਲ ਤੁਸੀਂ ਹੀ ਇਕ ਲੇਖਕ ਹੋ ਜੋ ਲੋਕ ਸਾਹਿਤ ਦੇ ਇਸ ਰੂਪ 'ਤੇ ਇੰਨਾ ਗੁੱਸਾ ਝਾੜਦੇ ਹੋ । ਪੰਜਾਬੀ ਦੇ ਲੋਕ ਗੀਤਾਂ, ਲੋਕ ਬੋਲੀਆਂ ਆਦਿ ਬਾਰੇ ਤੁਹਾਡਾ ਕੀ ਵਿਚਾਰ ਹੈ ਜੋ ਇਹੋ ਜਿਹੇ ਮਜ਼ਾਕ ਅਤੇ ਔਰਤ ਮਰਦ ਦੇ ਸਬੰਧਾਂ ਦੇ ਵਰਣਨ ਨਾਲ ਭਰੇ ਪਏ ਹਨ । ਇਸਨੂੰ ਰੂੜ੍ਹੀਵਾਦੀ ਵਿਚਾਰ ਕਹਿ ਕੇ ਰੱਦ ਕਰਨ ਤੋਂ ਪਹਿਲਾਂ ਕੀ ਤੁਸੀਂ ਕਦੇ ਸੋਚਿਆ ਹੈ ਕਿ ਤੁਹਾਡੇ ਪ੍ਰਗਤੀਵਾਦੀ ਲੇਖਕਾਂ ਦੀਆਂ ਰਚਨਾਵਾਂ ਕਿੰਨੇ ਕੁ ਲੋਕਾਂ ਤਾਈਂ ਪਹੁੰਚਦੀਆਂ ਹਨ ?

ਤੁਸੀਂ ਇਕ ਥਾਂ ਲਿਖਦੇ ਹੋ, "ਕੀ ਕਾਰਨ ਹੈ ਕਿ ਇਸ ਕਾਨਫਰੰਸ ਵਿਚ ਉਨ੍ਹਾਂ ਲੋਕਾਂ ਨੂੰ ਵਿਸ਼ੇਸ਼ ਤੌਰ ਉਤੇ ਅੱਗੇ ਲਿਆਉਣ ਦੀ ਸੁਚੇਤ ਤੌਰ ਉਤੇ ਕੋਸ਼ਿਸ਼ ਕੀਤੀ ਗਈ, ਜਿਨ੍ਹਾਂ ਦਾ ਕੈਨੇਡਾ ਦੇ ਪੰਜਾਬੀ ਸਾਹਿਤ/ਸਭਿਆਚਾਰ ਵਿਚ ਯੋਗਦਾਨ ਨਾਮ ਮਾਤਰ ਹੀ ਹੈ ?" ਮੈਨੂੰ ਇਸ ਗੱਲ ਨਾਲ ਕੋਈ ਇਤਰਾਜ਼ ਨਹੀਂ, ਪਰ ਕੀ ਤੁਸੀਂ ਉਨ੍ਹਾਂ ਵਿਅਕਤੀਆਂ ਦੇ ਨਾਂ ਦੱਸੋਗੇ ਜੋ ਕੈਨੇਡਾ ਦੇ ਪੰਜਾਬੀ ਸਾਹਿਤ/ਸਭਿਆਚਾਰ ਨੂੰ ਆਪਣੀ ਜ਼ਿੰਦਗੀ ਸਮਰਪਿਤ ਕਰੀ ਬੈਠੇ ਹਨ ? ਜਿਨ੍ਹਾਂ ਦਾ ਨਾਂ ਕੈਨੇਡਾ ਦੇ ਹਰ ਪੰਜਾਬੀ ਦੇ ਬੁੱਲ੍ਹਾਂ 'ਤੇ ਹੈ ?

ਕਾਨਫਰੰਸ 'ਚ ਪਾਸ ਕੀਤੇ ਗਏ ਮਤਿਆਂ ਵਾਰੇ ਤੁਹਾਨੂੰ ਇਤਰਾਜ਼ ਹੈ, "ਹਿੰਦੁਸਤਾਨੀ ਮੂਲ ਦੇ ਲੋਕਾਂ ਜਾਂ ਘੱਟ ਗਿਣਤੀ ਸਭਿਆਚਾਰ ਦੇ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਵਾਰੇ ਸਖਤੀ ਨਾਲ ਨੋਟਿਸ ਨਹੀਂ ਲਿਆ ਗਿਆ । ਜੇ ਮਾੜੀ ਮੋਟੀ ਗੱਲ ਵੀ ਕੀਤੀ ਗਈ ਸੀ ਤਾਂ ਦੋਵੇਂ ਹੱਥ ਜੋੜਕੇ, ਗਲ੍ਹ ਵਿਚ ਸਾਫ਼ਾ ਪਾ ਕੇ, ਬੇਨਤੀ ਕਰਨ ਵਾਲੀ ਗੱਲ ਹੀ ਕੀਤੀ ਗਈ ਸੀ ।"

ਸੁਖਿੰਦਰ ਜੀ ਕੀ ਤੁਸੀਂ ਦੱਸੋਗੇ ਕਿ ਕਿਸ ਤਰ੍ਹਾਂ ਦੀ ਸਖਤੀ ਨਾਲ ਇਹ ਨੋਟਿਸ ਲਿਆ ਜਾਣਾ ਚਾਹੀਦਾ ਸੀ ਜਾਂ ਟਰਾਂਟੋ ਦੇ ਇਲਾਕੇ ਵਿਚ ਰਹਿੰਦੇ ਹੋਏ ਤੁਸੀਂ ਇਸ ਸਬੰਧੀ ਕਿੰਨੀ ਸਖਤੀ ਨਾਲ ਨੋਟਿਸ ਲੈ ਰਹੇ ਹੋ ? ਜੇ ਤੁਹਾਡਾ ਜੁਆਬ ਨਾਂਹ 'ਚ ਹੈ ਤਾਂ ਕੀ ਅਸੀਂ ਇਹ ਸਮਝੀਏ ਕਿ ਤੁਹਾਡੇ ਪਿੱਛੇ ਵੀ ਕੋਈ ਸ਼ਕਤੀ ਜਾਂ ਕੋਈ ਵਿਅਕਤੀ ਕੰਮ ਕਰ ਰਿਹਾ ਹੈ ਜੋ ਤੁਹਾਨੂੰ ਇਹ ਕਦਮ ਚੁੱਕਣ ਨਹੀਂ ਦਿੰਦਾ ?

ਇਸੇ ਤਰ੍ਹਾਂ ਦਾ ਤੁਹਾਡਾ ਇਕ ਹੋਰ ਨੁਕਤਾ ਹੈ ਕਿ ਸੰਪਰਦਾਇਕ/ਫਿਰਕੂ ਦੰਗੇ ਕਰਵਾਉਣ/ਕਰਨ ਵਾਲੀਆਂ ਧਾਰਮਿਕ/ਗੈਰ-ਧਾਰਮਿਕ ਸੰਸਥਾਵਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਨਹੀਂ ਕੀਤੀ ਗਈ । ਕੀ ਤੁਸੀਂ ਦੱਸੋਗੇ ਕਿ ਇਹ ਨਿੰਦਾ ਕਿਹੋ ਜਿਹੇ ਤਕੜੇ ਸ਼ਬਦਾਂ ਨਾਲ ਕੀਤੀ ਜਾਣੀ ਚਾਹੀਦੀ ਸੀ ? ਇਕ ਗੱਲ ਹੋਰ ਸਪੱਸ਼ਟ ਕਰੋਗੇ ਕਿ ਇਹੋ ਜਿਹੀਆਂ ਫਿਰਕੂ ਕਾਰਵਾਈਆਂ ਨੂੰ ਹਵਾ ਦੇਣ ਵਾਲੇ ਲੇਖਕਾਂ ਅਤੇ ਪੱਤਰਕਾਰਾਂ (ਜਿਨ੍ਹਾਂ ਦੇ ਅਖਬਾਰਾਂ ਵਿਚ ਛਪਣਾ ਤੁਸੀਂ ਮਾਣ ਸਮਝਦੇ ਹੋ) ਨਾਲ ਹਮਦਰਦੀ ਪ੍ਰਗਟ ਕਰਕੇ ਤੁਸੀਂ ਕਿਹੜੀਆਂ ਸ਼ਕਤੀਆਂ ਨੂੰ ਖੁਸ਼ ਕਰ ਰਹੇ ਹੋ ? ਇਕ ਪਾਸੇ ਤਾਂ ਤੁਸੀਂ ਇਨ੍ਹਾਂ ਸ਼ਕਤੀਆਂ ਨੂੰ ਸਖਤ ਸ਼ਬਦਾਂ ਨਾਲ ਨਿੰਦਣ ਦੀ ਗੱਲ ਕਰਦੇ ਹੋ, ਦੂਜੇ ਪਾਸੇ ਤਾਰਾ ਸਿੰਘ ਹੇਅਰ ਵਰਗਿਆਂ ਨੂੰ ਨਾ ਸੱਦਣ 'ਤੇ ਇਤਰਾਜ਼ ਕਰਦੇ ਹੋ, ਇਸ ਗੱਲ ਦੀ ਸਮਝ ਨਹੀਂ ਆਈ, ਇਹ ਦੂਹਰਾ ਮਾਪਦੰਡ ਕਿਉਂ ?

ਇਸੇ ਅਖਬਾਰ ਦੇ 22 ਜਨਵਰੀ ਵਾਲੇ ਅੰਕ ਵਿਚ ਤੁਸੀਂ ਭਵਿੱਖ ਲਈ ਕੁਝ ਸੁਝਾਅ ਪੇਸ਼ ਕੀਤੇ ਹਨ । ਸੁਖਿੰਦਰ ਜੀ, ਕਿੰਨਾ ਚੰਗਾ ਹੋਵੇ ਜੇ ਤੁਸੀਂ 'ਤੇ ਤੁਹਾਡੀ ਲੇਖਕ ਜਥੇਬੰਦੀ (ਜੇ ਤੁਸੀਂ ਕਿਸੇ ਜਥੇਬੰਦੀ ਨਾਲ ਸਬੰਧ ਰੱਖਦੇ ਹੋ) ਭਵਿੱਖ ਵਿਚ ਛੇਤੀ ਹੀ ਕੋਈ ਇਹੋ ਜਿਹੀ ਕਾਨਫਰੰਸ ਦਾ ਪ੍ਰਬੰਧ

→

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

Evening Office : 433-4685

Tel: Off. 324-9441

**ਸਪੈਸ਼ਲ ਅਨਾਊਂਸਮੇਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ । ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ । ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

ਕਰ ਸਕੋ ਅਤੇ ਉਪਰੋਕਤ ਚੰਗੇ ਸੁਝਾਅ ਲਾਗੂ ਕਰ ਸਕੋ। ਆਸ ਹੈ ਤੁਸੀਂ ਛੇਤੀ ਹੀ ਇਹੋ ਜਿਹੇ ਹੰਭਲੇ ਬਾਰੇ ਐਲਾਨ ਕਰੋਗੇ। ਜੇ ਤੁਸੀਂ ਇਸ ਸਬੰਧੀ ਚੁੱਪ ਵੱਟ ਲਈ ਤਾਂ ਮੈਂ ਇਹ ਸਮਝਣ ਲਈ ਮਜ਼ਬੂਰ ਹੋਵਾਂਗਾ ਕਿ ਸੁਖਿੰਦਰ ਹੋਰੀਂ ਦੂਜਿਆਂ ਦੀਆਂ ਲੱਤਾਂ ਖਿਚਣ ਜੋਗੇ ਹੀ ਹਨ। ਦੂਜਿਆਂ ਦੀਆਂ ਖਾਮੀਆਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਆਪਣੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਹੋ ਜਾਏ ਤਾਂ ਚੰਗਾ ਹੈ। ਘਰ ਬੈਠੇ ਹੀ ਜੋ ਦਿਮਾਗ 'ਚ ਆਵੇ ਲਿਖੀ ਜਾਣਾ ਕੋਈ ਕੰਮ ਨਹੀਂ, ਇਹੋ ਜਿਹਾ ਪ੍ਰੋਗਰਾਮ ਕਰਨਾ ਕੰਮ ਹੈ।

ਜਿਥੋਂ ਤੱਕ ਕਾਨਫਰੰਸ ਦੇ ਖਰਚੇ/ਆਮਦਨ ਦਾ ਸਬੰਧ ਹੈ, ਜੇ ਇਸ ਸੰਬੰਧੀ ਪ੍ਰਬੰਧਕ ਕਮੇਟੀ ਦਾ ਕੋਈ ਮੈਂਬਰ ਇਤਰਾਜ਼ ਕਰੇ ਤਾਂ ਗੱਲ ਵਜ਼ਨਦਾਰ ਲੱਗਦੀ ਹੈ। ਇਹੋ ਜਿਹੇ ਪ੍ਰੋਗਰਾਮ ਦਾ ਹਿਸਾਬ ਕਿਤਾਬ ਜ਼ਰੂਰੀ ਨਹੀਂ ਅਖਬਾਰਾਂ 'ਚ ਛਾਪਿਆ ਜਾਏ। ਤੁਸੀਂ ਇਸ 'ਤੇ ਜ਼ੋਰ ਕਿਉਂ ਦੇ ਰਹੇ ਹੋ? ਕੀ ਤੁਹਾਨੂੰ ਇਸ ਪੈਸੇ ਦੀ ਦੁਰਵਰਤੋਂ ਹੋਣ ਦਾ ਸ਼ੱਕ ਹੈ? ਜਾਂ ਤੁਹਾਡੇ ਕੋਲ ਇਹੋ ਜਿਹੀ ਕੋਈ ਜਾਣਕਾਰੀ ਹੈ?

ਕਾਨਫਰੰਸ ਸਬੰਧੀ ਤੁਹਾਡੀਆਂ ਲਿਖਤਾਂ ਦੇ ਨੁਕਤਿਆਂ ਨੂੰ ਇਥੇ ਹੀ ਛੱਡਦਾ ਹੋਇਆ ਮੈਂ ਭਾਰਤੀ ਲੇਖਕਾਂ ਨਾਲ ਛਪੀਆਂ ਤੁਹਾਡੀਆਂ ਮੁਲਾਕਾਤਾਂ ਵਿਚੋਂ ਕੁਝ ਸੁਆਲ ਪੁੱਛਣੇ ਚਾਹਾਂਗਾ। 'ਕਲਮ' ਅੰਕ ਤੀਜਾ ਅਤੇ ਚੌਥਾ ਵਿਚ ਤੁਹਾਡੀ ਜਸਵੰਤ ਦੀਦ ਨਾਲ ਗੁਫਤਗੂ ਪੜ੍ਹੀ। ਜਸਵੰਤ ਦੀਦ ਨੂੰ ਪੁੱਛੇ ਗਏ ਤੁਹਾਡੇ ਸੁਆਲਾਂ 'ਚ ਅੰਗਰੇਜ਼ੀ ਦੇ ਸ਼ਬਦਾਂ ਦੀ ਭਰਮਾਰ ਹੈ। ਜਿਵੇਂ ਕਲਮ ਦੇ ਸਫ਼ਾ 15 'ਤੇ ਤੁਹਾਡੇ ਪਹਿਲੇ ਸੁਆਲ 'ਚ ਹੀ Justify, Explain ਅਤੇ Traditional Way ਵਰਗੇ ਅੰਗਰੇਜ਼ੀ ਦੇ ਸ਼ਬਦ ਵਰਤੇ ਗਏ ਹਨ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਤੁਸੀਂ ਇਹ ਸ਼ਬਦ ਕਿਉਂ ਵਰਤੇ ਹਨ? ਪੰਜਾਬੀ ਬੋਲੀ ਦੇ ਇਕ ਅਲੰਬਰਦਾਰ ਅਤੇ ਅਗਾਂਹਵਧੂ ਲੇਖਕ ਨੂੰ ਇਨ੍ਹਾਂ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਰੂਪ ਦਾ ਗਿਆਨ ਨਾ ਹੋਵੇ, ਇਹ ਮੇਰਾ ਸਿਰ ਨਹੀਂ ਮੰਨਦਾ। ਇਹੋ ਜਿਹੇ ਸ਼ਬਦਾਂ ਦੀ ਲਿਖਤੀ ਰੂਪ ਵਿਚ ਆਸ ਕਿਸੇ ਬੁਰਜੂਆਜੀ ਲੇਖਕ ਤੋਂ ਤਾਂ ਰੱਖੀ ਜਾ ਸਕਦੀ ਹੈ ਪਰ ਤੁਹਾਡੇ ਵਰਗੇ ਗੰਭੀਰ ਪ੍ਰਤੀਬੱਧ ਲੇਖਕ ਤੋਂ ਨਹੀਂ। ਕੀ ਇਸ ਪਿੱਛੇ ਤੁਹਾਡਾ ਉਦੇਸ਼ ਪਾਠਕਾਂ 'ਤੇ ਆਪਣੀ ਵਿਦਵਤਾ ਦਾ ਫੋਕਾ ਰੋਅਬ ਪਾਉਣਾ ਤਾਂ ਨਹੀਂ?

ਜਸਵੰਤ ਦੀਦ ਨਾਲ ਇਸ ਮੁਲਾਕਾਤ ਵਿੱਚ ਤੁਸੀਂ ਕਵਿਤਾ ਦੇ ਇਕ ਰੂਪ 'ਗ਼ਜ਼ਲ' ਵਾਰੇ ਵੀ ਸੁਆਲ ਪੁੱਛਿਆ ਹੈ। ਤੁਹਾਡਾ ਸੁਆਲ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਪ੍ਰਗਤੀਵਾਦੀ ਸ਼ਾਇਰ ਗ਼ਜ਼ਲ ਵੱਲ ਕਿਉਂ ਮੁੜ ਰਹੇ ਹਨ? ਪ੍ਰਗਤੀਵਾਦੀ ਸ਼ਾਇਰੀ ਦੀ ਇਹ ਕਿਹੋ ਜਿਹੀ ਪ੍ਰੀਭਾਸ਼ਾ ਹੈ? ਕੀ ਗ਼ਜ਼ਲ ਲਿਖਣ ਵਾਲਾ ਸ਼ਾਇਰ ਪ੍ਰਗਤੀਵਾਦੀ ਨਹੀਂ ਹੋ ਸਕਦਾ? ਤੁਹਾਡੇ ਇਸੇ ਸੁਆਲ ਦੇ ਜਵਾਬ ਵਿਚ ਜਸਵੰਤ ਦੀਦ ਹੋਰਾਂ ਦਾ ਜਵਾਬ ਵੀ ਪੜ੍ਹਣ ਵਾਲਾ ਹੈ। ਉਨ੍ਹਾਂ ਅਨੁਸਾਰ ਇਹ ਪਾਪੂਲਿਰਟੀ ਦਾ ਚੱਕਰ ਹੈ। ਸੁਖਿੰਦਰ ਜੀ, ਤੁਸੀਂ ਜਿਹੜਾ ਪ੍ਰਗਤੀਵਾਦੀ ਹੋਣ ਦਾ ਦਾਅਵਾ ਕਰਦੇ ਹੋ; ਕੀ ਪ੍ਰਗਤੀਵਾਦੀ ਨੂੰ ਲੋਕਾਂ 'ਚ ਮਕਬੂਲ ਨਹੀਂ ਹੋਣਾ ਚਾਹੀਦਾ? ਇਸ ਗੱਲ ਦਾ ਫੈਸਲਾ ਕੌਣ ਕਰਦਾ ਹੈ ਕਿ ਕਿਹੜਾ ਲੇਖਕ ਪ੍ਰਗਤੀਵਾਦੀ ਹੈ, ਕਿਹੜਾ ਨਹੀਂ? ਜੇ ਯੂਨੀਵਰਸਿਟੀਆਂ 'ਚ ਬੈਠੇ ਸਰਕਾਰੀ ਆਲੋਚਕਾਂ ਨੇ ਹੀ ਕਰਨਾ ਹੈ ਤਾਂ ਤੁਹਾਡਾ ਪ੍ਰਗਤੀਵਾਦ ਤੁਹਾਨੂੰ ਹੀ ਮੁਬਾਰਕ ਹੋਵੇ। ਹਰ ਲੇਖਕ ਦੀ ਆਪਣੀ ਸੀਮਾ ਹੁੰਦੀ ਹੈ। ਕੋਈ ਕਵੀ ਛੰਦ ਬਹਿਰ ਵਾਲੀ ਕਵਿਤਾ ਲਿਖ ਸਕਦਾ ਹੈ, ਕੋਈ ਵਾਰਤਕ ਵਰਗੀ ਖੁਲ੍ਹੀ ਕਵਿਤਾ। ਜੇ ਤੁਹਾਡੇ 'ਚ ਗ਼ਜ਼ਲ ਲਿਖ ਸਕਣ ਦੀ ਸਮਰੱਥਾ ਹੈ ਨਹੀਂ ਤਾਂ ਇਸ ਨੂੰ ਪ੍ਰਗਤੀਵਾਦ ਦੇ ਉਲਟ ਦਾ ਫਤਵਾ ਦੇ ਦੇਣ 'ਚ ਕੋਈ ਬਹੁਤੀ ਦਿਆਨਤਦਾਰੀ ਨਹੀਂ। ਕਈ ਲੇਖਕ ਦਰਜਨਾਂ ਕਿਤਾਬਾਂ ਲਿਖ ਕੇ ਪ੍ਰਗਤੀਵਾਦੀ ਲੇਖਕ ਨਹੀਂ ਬਣ ਸਕੇ, ਸੁਰਜੀਤ ਪਾਤਰ ਵਰਗੇ ਦੀਆਂ ਮੁੱਠੀ ਭਰ ਗ਼ਜ਼ਲਾਂ ਲੋਕਾਂ ਦੇ ਦਿਲ 'ਤੇ ਰਾਜ ਕਰ ਰਹੀਆਂ ਹਨ।

ਜਾਂਦੇ ਜਾਂਦੇ ਇਕ ਗੱਲ 'ਕਲਮ' ਅਕਤੂਬਰ 1987 ਵਿਚ ਛਪੇ ਤੁਹਾਡੇ ਇਕ ਸਫ਼ਰ 'ਪਲਾਂ ਛਿਣਾਂ ਦੀ ਜ਼ਿੰਦਗੀ' ਬਾਰੇ ਵੀ। ਇਸ ਸਫਰ ਨੂੰ ਲਿਖਤੀ ਰੂਪ ਵਿਚ ਛਪਵਾਉਣ ਦਾ ਤੁਹਾਡਾ ਮੰਤਵ ਸਮਝ ਨਹੀਂ ਆਇਆ। ਤੁਸੀਂ ਇਸ ਸਫਰ ਦੌਰਾਨ ਪਲਾਂ ਛਿਣਾਂ 'ਚ ਹੀ ਧਾਰਮਿਕ ਵਿਸ਼ਵਾਸ 'ਚ ਪੱਕੀ ਇਕ ਔਰਤ ਦੀ ਜ਼ਿੰਦਗੀ ਦਾ ਨਜ਼ਰੀਆ ਬਦਲ ਕੇ ਰੱਖ ਦਿੱਤਾ। ਇੰਨੀ ਗੈਰ ਯਥਾਰਥਕ ਅਤੇ ਭਰਮਵਾਦੀ ਲੇਖਣੀ ਦੀ ਆਸ ਉਸ ਲੇਖਕ ਤੋਂ ਨਹੀਂ ਰੱਖੀ ਜਾ ਸਕਦੀ ਜੋ ਸਿਰੇ ਦਾ ਪ੍ਰਗਤੀਵਾਦੀ ਹੋਵੇ, ਜਿਹਨੂੰ ਪੰਜਾਬੀ ਲੋਕ ਕਾਵਿ ਰੂਪ ਕਵੀਸ਼ਰੀ 'ਚੋਂ ਵੀ ਰੂੜ੍ਹੀਵਾਦ ਦੀ ਬੋਅ ਆਉਂਦੀ ਹੋਵੇ, ਜਿਹੜਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਪ੍ਰਤੀ ਇੰਨਾ ਗੰਭੀਰ ਹੋਵੇ ਕਿ ਕਾਫ਼ੀ ਸਮਾਂ ਪਹਿਲਾਂ ਹੋ ਚੁੱਕੀ ਕਾਨਫਰੰਸ ਦੀ ਚੀਰਫਾੜ ਪੂਰੇ ਜ਼ੋਰ ਨਾਲ ਕਰੀ ਜਾ ਰਿਹਾ ਹੋਵੇ। ਇਕ ਪ੍ਰਗਤੀਵਾਦੀ ਸ਼ਾਇਰ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਕਿਸੇ ਡੇਰੇ ਦੇ ਪਖੰਡੀ ਸਾਧ ਵਾਂਗ ਹੱਥ 'ਤੇ ਸਰ੍ਹੋਂ ਜਮਾ ਕੇ ਦਿਖਾਵੇ। ਸੁਖਿੰਦਰ ਜੀ, ਮੇਰੇ ਖਿਆਲ 'ਚ ਤੁਹਾਨੂੰ ਕੁਝ ਸਮਾਂ ਪੰਜਾਬ ਚਲੇ ਜਾਣਾ ਚਾਹੀਦਾ ਹੈ ਅਤੇ ਫਿਰਕੂ 'ਤੇ ਧਾਰਮਿਕ ਕੱਟੜਪੰਥੀ ਅਨਸਰਾਂ ਨੂੰ ਪਲਾਂ ਛਿਣਾਂ 'ਚ ਜਿਊਣ ਦੀ ਜਾਚ ਸਿਖਾਉਣੀ ਚਾਹੀਦੀ ਹੈ।

ਤੁਹਾਡੀਆਂ ਬਾਕੀ ਰਚਨਾਵਾਂ ਦੀ ਚੀਰਫਾੜ ਫਿਰ ਕਿਤੇ ਸਹੀ। ਹੁਣ ਤਾਂ ਮੈਨੂੰ ਤੁਹਾਡੇ ਸਫਰ ਦੀ ਉਹ ਆਖਰੀ ਲਾਈਨ ਵਾਰ ਵਾਰ ਯਾਦ ਆ ਰਹੀ ਹੈ, ਜਿਸ ਵਿਚ ਤੁਹਾਡੇ ਸਫਰ ਦੀ ਜਨਾਨੀ ਪਾਤਰ ਤੁਹਾਨੂੰ ਅੱਖਾਂ ਹੀ ਅੱਖਾਂ 'ਚ ਕਹਿ ਰਹੀ ਹੈ, "ਮੈਂ ਹੁਣ ਪਲਾਂ ਛਿਣਾਂ ਵਿਚ ਜੀਣਾ ਸਿੱਖ ਲਿਆ ਹੈ।" ਕਿੰਨਾ ਚੰਗਾ ਹੋਵੇ ਜੇ ਤੁਹਾਡੇ ਵਲੋਂ ਕਦੀ ਪੜ੍ਹਣ ਨੂੰ ਮਿਲੇ, "ਮੈਂ ਹੁਣ 'ਮੈਂ' ਤੋਂ ਬਿਨ੍ਹਾਂ ਜੀਣਾ ਸਿੱਖ ਲਿਆ ਹੈ।"

ਬੜੇ ਪਿਆਰ ਨਾਲ ਤੁਹਾਡਾ,
ਗੁਰਮੇਲ, ਸਰੀ।

## ਸੰਧੂ ਦੇ ਲੇਖ ਬਾ-ਦਲੀਲ

ਧਰਮ ਤੇ ਫ਼ਲਸਫ਼ਾ ਕਾਲਮ ਵਿਚ ਮੇਹਰ ਸਿੰਘ ਸੰਧੂ ਹੋਰਾਂ ਦੇ ਲੇਖ ਬਹੁਤ ਸਰਲ ਬਾ-ਦਲੀਲ ਅਤੇ ਦਲੇਰ ਹੁੰਦੇ ਹਨ। ਭਈਆ ਐਕਸ ਪ੍ਰੈਸ ਮਿਹਨਤਕਸ਼ ਭਾਰਤ ਦੇ ਅਜੋਕੇ ਦੁਖਾਂਤ ਨੂੰ ਦਰਸਾਉਂਦੀ ਇਕ ਖ਼ੂਬਸੂਰਤ ਕਹਾਣੀ ਹੈ। ਜਗਜੀਤ ਦੀ ਕਹਾਣੀ 'ਕਿਸੇ ਮਿੱਠੀ ਹਵਾ ਦਾ ਬੁੱਲਾ' ਤਾਂ ਨਿਰੀ ਕਵਿਤਾ ਹੈ।

ਗੁਰਚਰਨ ਰਾਮਪੁਰੀ, ਨਾਰਥ ਵੈਨਕੂਵਰ

## ਗੋਰਖਾਲੈਂਡੀਏ ਖਾਲਿਸਤਾਨੀਆਂ ਦੇ ਰਾਹ 'ਤੇ

ਦਾਰਜੀਲਿੰਗ — ਗੋਰਖਾ ਨੈਸ਼ਨਲ ਫਰੰਟ ਦੇ ਦਹਿਸ਼ਤਗਰਦਾਂ ਨੇ ਪਿਛਲੇ ਦਿਨਾਂ ਤੋਂ ਵੱਡੀ ਪੱਧਰ 'ਤੇ ਹਿੰਸਕ ਕਾਰਵਾਈਆਂ ਕਰਕੇ ਦਾਰਜੀਲਿੰਗ ਦੀਆਂ ਪਹਾੜੀਆਂ ਦੇ ਲੋਕਾਂ ਦੀ ਜਾਨ ਇਕ ਤਰ੍ਹਾਂ ਸੂਲੀ 'ਤੇ ਟੰਗ ਰੱਖੀ ਹੈ। ਫਰੰਟ ਨੇ 10 ਫਰਵਰੀ ਤੋਂ 40 ਰੋਜ਼ਾ "ਗੋਰਖਾਲੈਂਡ ਬੰਦ" ਦੀ ਸੱਦਾ ਦਿੱਤਾ ਹੋਇਆ ਹੈ। ਇਸ ਅਰਸੇ ਦੌਰਾਨ ਦਹਿਸ਼ਤਗਰਦਾਂ ਨੇ ਵੱਡੀ ਪੱਧਰ 'ਤੇ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ, 100 ਤੋਂ ਵੱਧ ਥਾਵਾਂ 'ਤੇ ਬੰਬ ਧਮਾਕੇ ਕੀਤੇ ਅਤੇ ਅੱਠ ਅਸੈਨਿਕ ਤੇ ਪੁਲਿਸ ਅਧਿਕਾਰੀਆਂ ਉਪਰ ਕਾਤਲਾਨਾ ਹਮਲੇ ਕੀਤੇ। ਇਸ ਤੋਂ ਇਲਾਵਾ ਲਗਪਗ ਇਕ ਦਰਜਨ ਥਾਵਾਂ 'ਤੇ ਸੁਰੱਖਿਆ ਦਸਤਿਆਂ ਉਪਰ ਘਾਤ ਲਗਾ ਕੇ ਹਮਲੇ ਕੀਤੇ ਗਏ।

ਜ਼ਿਲਾ ਮੈਜਿਸਟਰੇਟ ਡੀ ਪੀ ਪਾਤਰਾ ਅਨੁਸਾਰ ਮਈ 1986 ਵਿਚ ਜਦੋਂ ਤੋਂ ਵਰਤਮਾਨ ਗੋਰਖਾ ਅੰਦੋਲਨ ਸ਼ੁਰੂ ਹੋਇਆ ਹੈ, ਲਗਪਗ 50 ਕਰੋੜ ਦੀ ਸਰਕਾਰੀ ਸੰਪਤੀ ਦਾ ਨੁਕਸਾਨ ਹੋ ਚੁੱਕਿਆ ਹੈ। ਪਿਛਲੇ ਸੱਤ ਦਿਨਾਂ ਅੰਦਰ ਹੀ ਦੋ ਕਰੋੜ ਤੋਂ ਉਪਰ ਸਰਕਾਰੀ ਸੰਪਤੀ ਨਸ਼ਟ ਹੋਈ। ਇਸ ਅਰਸੇ ਦੌਰਾਨ ਤਿੰਨ ਪਹਾੜੀ ਸਬ ਡਿਵੀਜ਼ਨਾਂ ਵਿਚ ਵੱਖ ਵੱਖ ਥਾਈਂ ਅੱਗਜ਼ਨੀ ਤੇ ਬੰਬ ਧਮਾਕੇ ਕਰ ਕੇ ਦਸ ਫਾਰੈਸਟ ਹਾਊਸਾਂ, ਪੰਜ ਖੇਤੀਬਾੜੀ ਵਿਭਾਗ ਦੇ ਦਫਤਰਾਂ, ਦੋ ਆਰਾ ਮਿੱਲਾਂ ਅਤੇ ਦੋ ਸਿਹਤ ਕੈਂਪਾਂ ਨੂੰ ਨੁਕਸਾਨ ਪਹੁੰਚਾਇਆ।

ਤਾਰ ਸੰਚਾਰ ਭੰਗ ਕਰਨ ਦੇ ਉਦੇਸ਼ ਨਾਲ ਤੋੜ ਫੋੜਕਾਰੀਆਂ ਨੇ ਦੋ ਟੈਲੀਫੋਨ ਐਕਸਚੇਂਜਾਂ ਨੂੰ ਅਤੇ ਚਾਰ ਡਾਕਘਰਾਂ ਨੂੰ ਨੁਕਸਾਨ ਪਹੁੰਚਾਇਆ। ਇਨ੍ਹਾਂ ਚਾਲਸਾ ਬਿਜਲੀਘਰ ਵਿਚ ਤੋੜਫੋੜ ਕੀਤੀ ਜਿਸ ਨਾਲ ਸਾਰਾ ਕਲਿਮਪੋਂਗ ਕਸਬਾ ਹਨੇਰੇ ਵਿਚ ਡੁੱਬ ਗਿਆ ਅਤੇ ਸਿਕਿਮ ਤੋਂ ਬਿਜਲੀ ਦਾ ਅਸਥਾਈ ਪ੍ਰਬੰਧ ਕਰਨਾ ਪਿਆ। ਕਲਿਮਪੋਂਗ ਉਪ ਮੰਡਲ ਵਿਚ ਜ਼ਰੂਰੀ ਵਸਤਾਂ ਦੇ ਭੰਡਾਰ ਲਗਪਗ ਖਤਮ ਹੋਣ ਵਾਲੇ ਹਨ ਕਿਉਂਕਿ ਦੋ ਅਹਿਮ ਪੁਲਾਂ ਨੂੰ ਨੁਕਸਾਨ ਪੁਜਣ ਕਾਰਨ ਦਾਰਜੀਲਿੰਗ - ਕਲਿਮਪੋਂਗ ਮਾਰਗਾਂ 'ਤੇ ਆਵਾਜਾਈ ਠੱਪ ਹੈ ਤੇ ਸਾਰਾ ਇਲਾਕਾ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਕੱਟਿਆ ਗਿਆ ਹੈ।

ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਤਿੰਨ ਐਡੀਸ਼ਨਲ ਪੁਲੀਸ ਕਪਤਾਨ ਆਰ ਕੇ ਪੰਚਨੰਦਾ (ਕਰਿਸਓਂਗ), ਰਾਦ ਕਨੌਜੀਆ ਅਤੇ ਜੀ ਐਮ ਰੈਡੀ (ਦੋਵੇਂ ਦਾਰਜੀਲਿੰਗ), ਐਸ ਡੀ ਪੀ ਓ (ਕਲਿਮਪੋਂਗ) ਟੀ ਐਸ ਸ਼ੇਰਪਾ ਅਤੇ ਐਸ ਡੀ ਓ (ਕਲਿਮਪੋਂਗ) ਸੰਜੀਵ ਚੋਪੜਾ ਸਣੇ ਅੱਠ ਸਰਕਾਰੀ ਅਧਿਕਾਰੀ ਦਹਿਸ਼ਤਪਸੰਦਾਂ ਦੇ ਕਾਤਲਾਨਾ ਹਮਲਿਆਂ ਵਿਚ ਵਾਲ ਵਾਲ ਬਚੇ ਹਨ। ਖਿਆਲ ਕੀਤਾ ਜਾਂਦਾ ਹੈ ਕਿ ਸਰਵ ਸ੍ਰੀ ਪੰਚਨੰਦਾ, ਚੋਪੜਾ ਤੇ ਸ਼ੇਰਪਾ ਖਾੜਕੂਆਂ ਦੀ ਹਿੱਟ ਸੂਚੀ 'ਤੇ ਹਨ।

DOSANJH & PIRANI
#202 - 5887 Victoria Drive, Vancouver, B.C. V5P 3W5
Phone 327-6381
• ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ • ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
• ਵਿਉਪਾਰਕ ਮਸਲੇ • ਪ੍ਰਵਾਰ ਤੇ ਤਲਾਕ • ਫੌਜਦਾਰੀ ਤੇ ਸਿਵਲ • ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

GM WESTMINSTER
12th. STREET AT QUEENS AVE., NEW WESTMINSTER, B.C.
ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ
ਗੁਰਜੀਤ ਬਾਵਾ ਢੀਂਡਸਾ
ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।
• ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।
BUS. 521-7731
Pager 687-1985 #5531
FOR BEST DEAL & BEST SERVICE


ਗੁਰਜੀਤ ਢੀਂਡਸਾ ਬਾਵਾ

## SUPERSTAR PROMOTIONS PROUDLY PRESENTS

# "ਬੇ-ਮਿਸਾਲ"

ਗ਼ਜ਼ਲ ਦੇ ਦੋ ਸ਼ਹਿਨਸ਼ਾਹ ਪਹਿਲੀ ਵਾਰ ਵੈਨਕੂਵਰ ਵਿਚ

# ਮਹਿੰਦੀ ਹਸਨ ਤੇ
# ਗੁਲਾਮ ਅਲੀ

**Two Legends In Ghazal**
**On One Stage**
**With several musicians**

## Live in Concert

THE ULTIMATE EXPERIENCE IN MUSIC

## If you like music you will love this show!






**ਮਹਿੰਦੀ ਹਸਨ** **A unique presentation** **ਗੁਲਾਮ ਅਲੀ**

# 27 ਮਾਰਚ '88 ਐਤਵਾਰ ਨੂੰ
# ਸ਼ਾਮ ਦੇ 6.30 ਵਜੇ

## ਔਰਫੀਅਮ ਥੀਏਟਰ

To avoid disappointment book your tickets now!

**Tickets: $15, $20, $25, $30**

**Goyal Video** Ph. 877-7778•**Tasleem Video** Ph. 873-2132•**Mann Music** Ph. 321-6667•**Goodmorning Pan** Ph. 321-4955•**SJ Foods [N. Van.]** Ph. 986-3212•**Empire Foods** Ph. 433-8888.

*For More Information Call* **H·S· JOSH 274-7314**

# ਪਾਲ ਪਲੰਬਿੰਗ ਦੀ ਨਵੇਂ ਥਾਂ ਗਰੈਂਡ ਓਪਨਿੰਗ ਤੇ 10ਵੀਂ ਐਨੀਵਰਸਰੀ

ਵੈਨਕੂਵਰ — ਪਾਲ ਪਲੰਬਿੰਗ ਅਤੇ ਇਲੈਕਟ੍ਰੀਕਲ ਸਪਲਾਈ ਦੀ ਦੁਕਾਨ ਜੋ ਮੇਨ ਸਟਰੀਟ ਅਤੇ 32 ਐਵੇਨੀਊ ਤੇ ਸੀ ਦੀ 5 ਮਾਰਚ ਨੂੰ ਨਵੇਂ ਥਾਂ ਉਤੇ ਗਰੈਂਡ ਓਪਨਿੰਗ ਹੋ ਰਹੀ ਹੈ। ਪਿਛਲੇ ਦਸ ਸਾਲ ਤੋਂ ਸ੍ਰੀ ਓਮ ਪਾਲ ਦੇ ਬਿਜ਼ਨਿਸ ਨੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ ਹੈ। ਨਵੀਂ ਬਿਲਡਿੰਗ ਜੋ ਤਿੰਨ-ਮੰਜ਼ਲੀ ਹੈ ਦੇ ਹੇਠਲੇ ਹਿੱਸੇ ਵਿਚ ਜਿਸ ਥਾਂ ਪਾਲ ਪਲੰਬਿੰਗ ਹੁਣ ਬਦਲ ਕੇ ਗਏ ਹਨ ਦੀ ਰੀਟੇਲ ਥਾਂ 4000 ਵਰਗ ਫੁਟ ਹੈ। ਦਸ ਕਾਰਾਂ ਦੀ ਪਾਰਕਿੰਗ ਅੰਡਰਗਰਾਊਂਡ ਹੈ ਅਤੇ ਚਾਰ ਕਾਰਾਂ ਬਾਹਰਲੇ ਪਾਸੇ ਲਗ ਸਕਦੀਆਂ ਹਨ — ਇਸ ਤਰ੍ਹਾਂ 14 ਕਾਰਾਂ ਦੀ ਪਾਰਕਿੰਗ ਥਾਂ ਹੈ ਜਿਸ ਕਾਰਨ ਗਾਹਕਾਂ ਨੂੰ ਹੋਰ ਵੀ ਸਹੂਲਤ ਦਿੱਤੀ ਗਈ ਹੈ।

ਸ੍ਰੀ ਓਮ ਪਾਲ ਜਿਥੇ ਕਮਿਊਨਿਟੀ ਦੇ ਹੋਰ ਕੰਮਾਂ ਵਿਚ ਸਰਗਰਮੀ ਨਾਲ ਹਿਸਾ ਲੈਂਦੇ ਹਨ ਉਥੇ ਵਪਾਰਕ ਪਹਿਲੂ ਤੋਂ ਵੀ ਉਨ੍ਹਾਂ ਪਿਛਲੇ ਦਸ ਸਾਲਾਂ ਵਿਚ ਬੇਅੰਤ ਨਾਂ ਕਮਾਇਆ ਹੈ। ਉਹ ਇੰਡੋ-ਕਮਿਊਨਿਟੀ ਦੇ ਪਹਿਲੇ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੇ ਪਲੰਬਿੰਗ ਅਤੇ ਇਲੈਕਟਰੀਕਲ ਸਪਲਾਈ ਦਾ ਕੰਮ ਸ਼ੁਰੂ ਕਰਕੇ ਗਾਹਕਾਂ ਵਿਚ ਇੰਨੀ ਸ਼ੁਹਰਤ ਹਾਸਲ ਕੀਤੀ ਹੈ। ਵਪਾਰਕ ਨੁਕਤੇ ਤੋਂ ਖੂਬੀ ਇਹ ਹੈ ਕਿ ਇਹ ਕੋਸ਼ਿਸ਼ ਉਨ੍ਹਾਂ ਵਿਅਕਤੀਗਤ ਪੱਧਰ 'ਤੇ ਸ਼ੁਰੂ ਕੀਤੀ।

ਇਸ ਵਪਾਰ ਵਿਚ ਉਹ ਮਈ 1978 ਵਿਚ ਆਏ। ਜਿਸ ਬਿਲਡਿੰਗ ਦੀ ਉਸਾਰੀ ਉਨ੍ਹਾਂ ਆਪਣੇ ਹੱਥੀਂ ਕਰਵਾਈ ਹੈ ਉਹ ਮੇਨ ਸਟਰੀਟ ਅਤੇ 30 ਐਵੇਨੀਊ ਉਤੇ ਖੂਬਸੂਰਤ ਰੰਗਾਂ ਵਿਚੋਂ ਦੂਰੋਂ ਹੀ ਝਲਕਾਰੇ ਮਾਰਦੀ ਹੈ। ਸ੍ਰੀ ਓਮਪਾਲ ਨੇ ਦੱਸਿਆ ਕਿ ਉਨ੍ਹਾਂ ਤੋਂ ਪਹਿਲਾਂ ਇਕ ਹੋਰ ਇੰਡੋ-ਕੈਨੇਡੀਅਨ ਨੇ ਇਸ ਪਾਸੇ ਕੋਸ਼ਿਸ਼ ਕੀਤੀ ਪਰ ਛੇ ਮਹੀਨੇ ਹੀ ਉਹ ਦੁਕਾਨ ਚਲ ਸਕੀ। ਇਸ ਲਈ ਇਕ ਚੈਲਿੰਜ ਸਮਝਕੇ ਉਨ੍ਹਾਂ ਇਹ ਕੰਮ ਸ਼ੁਰੂ ਕੀਤਾ।

ਪਾਲ ਪਲੰਬਿੰਗ ਅਤੇ ਇਲੈਕਟਰੀਕਲ ਸਪਲਾਈ ਦੀ ਦੁਕਾਨ ਉਤੇ ਘਰ ਵਿਚ ਵਰਤੇ ਜਾਣ ਵਾਲੀ ਪਲੰਬਿੰਗ ਤੇ ਇਲੈਕਟਰੀਕਲ ਦੀ ਹਰ ਚੀਜ਼ ਮਿਲਦੀ ਹੈ। ਟੱਬ, ਟਾਇਲਟਸ, ਸਟੋਵਾਂ ਦੇ ਐਲੀਮੈਂਟ (ਜਿਨ੍ਹਾਂ ਨੂੰ ਅਸੀਂ ਚੁੱਲੇ ਕਹਿੰਦੇ ਹਾਂ), ਹੀਟਿੰਗ ਦਾ ਸਾਰਾ ਸਮਾਨ, ਗੈਸ ਹੀਟਿੰਗ ਜਾਂ ਗਰਮ ਪਾਣੀ ਦੀ ਹੀਟਿੰਗ ਦਾ ਸਾਮਾਨ, ਬੌਇਲਰਜ਼, ਡਰੇਨ, ਪਲੱਗਿੰਗ ਆਦਿ ਗੱਲ ਕੀ ਹਰ ਕਿਸਮ ਦੀ ਚੀਜ਼ ਤੁਹਾਨੂੰ ਇਨ੍ਹਾਂ ਕੋਲੋਂ ਮਿਲਦੀ ਹੈ।

ਸਾਮਾਨ ਦੇ ਨਾਲ ਇਹ ਘਰਾਂ ਵਿਚ ਸਰਵਿਸ ਅਤੇ ਮੁਰੰਮਤ ਦੇ ਕੰਮਾਂ ਲਈ ਸਪੈਸ਼ਲ ਸਰਵਿਸ ਦਾ ਪ੍ਰਬੰਧ ਵੀ ਕਰਦੇ ਹਨ। ਇਨ੍ਹਾਂ ਕੋਲ ਲਾਇਸੰਸ-ਸ਼ੁਦਾ ਗੈਸ ਫਿਟਰ ਅਤੇ ਬਾਕੀ ਸਰਵਿਸ ਵਾਲੇ ਕੰਮ ਕਰਨ ਵਾਲੇ ਵਿਅਕਤੀ ਕੰਮ ਉਤੇ ਰੱਖੇ ਹੋਏ ਹਨ। ਘਰ ਵਿਚ ਕਿਸੇ ਕਿਸਮ ਦੀ ਪਲੰਬਿੰਗ ਜਾਂ ਇਲੈਕਟਰੀਕਲ ਅੜਚਣ ਆਉਂਦੀ ਹੈ ਤਾਂ ਇਨ੍ਹਾਂ ਨੂੰ ਫੋਨ ਕਰਕੇ ਤੁਸੀਂ ਉਸੇ ਸਮੇਂ ਠੀਕ ਕਰਵਾ ਸਕਦੇ ਹੋ। ਇਨ੍ਹਾਂ ਦੀ ਵਪਾਰਕ



ਤਰੱਕੀ ਦਾ ਰਾਜ਼ ਵੀ ਇਨ੍ਹਾਂ ਦੀ ਵਧੀਆ ਸਰਵਿਸ ਹੀ ਹੈ। ਕੇਵਲ ਘਰਾਂ ਵਿਚ ਹੀ ਨਹੀਂ ਸਗੋਂ ਕਮਰਸ਼ਲ ਬਿਲਡਿੰਗਾਂ ਵਿਚ ਵੀ ਇਹ ਸਪਲਾਈ ਕਰਦੇ ਹਨ ਤੇ ਸਰਵਿਸ ਵੀ ਦਿੰਦੇ ਹਨ। ਇਨ੍ਹਾਂ ਦਾ ਵਪਾਰ ਜਿਥੇ ਰੀਟੇਲ ਵਿਚ ਹੈ ਉਥੇ ਹੋਲਸੇਲ ਵੀ ਕਰਦੇ ਹਨ।

5 ਮਾਰਚ ਨੂੰ ਸਵੇਰੇ ਦਸ ਵਜੇ ਇਨ੍ਹਾਂ ਦੀ ਨਵੀਂ ਬਿਲਡਿੰਗ ਵਿਚ (4578 ਮੇਨ ਸਟਰੀਟ 'ਤੇ) ਇਨ੍ਹਾਂ ਦੇ ਸਟੋਰ ਦਾ ਉਦਘਾਟਨ ਹੋਵੇਗਾ ਜਿਸ ਸਮੇਂ ਸਭ ਲਈ ਚਾਹ ਪਾਣੀ ਤੇ ਖਾਣ ਪੀਣ ਦਾ ਪ੍ਰਬੰਧ ਹੋਵੇਗਾ। ਅੱਗੇ ਵਾਸਤੇ ਇਨ੍ਹਾਂ ਦੀ ਦੁਕਾਨ ਹਰ ਐਤਵਾਰ ਨੂੰ ਵੀ ਖੁਲ੍ਹੀ ਰਹੇਗੀ। ਸ੍ਰੀ ਓਮਪਾਲ ਵਲੋਂ ਹਰ ਵਿਅਕਤੀ ਨੂੰ ਪੁਜਣ ਦਾ ਖੁਲ੍ਹਾ ਸੱਦਾ ਹੈ।

ਨਵੀਂ ਬਿਲਡਿੰਗ ਦੇ ਉਦਘਾਟਨ ਵਲੋਂ ਅਸੀਂ 'ਕੈਨੇਡਾ ਦਰਪਣ' ਵਲੋਂ ਸ੍ਰੀ ਪਾਲ ਨੂੰ ਵਧਾਈ ਦਿੰਦੇ ਹਾਂ।

## ਮਾਓਵਾਦੀ ਸੈਂਟਰ ਬਿਹਾਰ 'ਚ ਸਰਗਰਮ

ਪਟਨਾ —— ਬਿਹਾਰ ਦੇ ਮਾਉਵਾਦੀ ਕਮਿਊਨਿਸਟ ਸੈਂਟਰ ਨੇ ਪਹਿਲੀ ਵਾਰ ਮੰਨਿਆ ਹੈ ਕਿ ਇਸ ਸਾਲ 29 ਮਈ ਨੂੰ ਟਲੇਲਚਕ ਬਗੋਰਾ ਵਿਚ 41 ਵਿਅਕਤੀਆਂ (ਰਾਜਪੂਤਾਂ) ਦਾ ਕਤਲ ਉਹਨਾ ਕੀਤਾ ਸੀ।

## ਕੈਲਗਰੀ ਓਲਿੰਪਕ ਵਿਚ ਸੋਵੀਅਤ ਦਾ ਸ਼ਾਨਦਾਰ ਰੀਕਾਰਡ

ਕੈਲਗਰੀ — ਇਥੇ ਹੋਈਆਂ ਓਲਿੰਪਕ ਖੇਡਾਂ ਵਿਚ ਸੋਵੀਅਤ ਯੂਨੀਅਨ ਨੇ 29 ਤਗ਼ਮੇ ਜਿੱਤ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਦੂਜੇ ਨੰਬਰ ਉਤੇ ਪੂਰਬੀ ਜਰਮਨੀ ਨੇ 25 ਤਗ਼ਮੇ ਜਿਤੇ। ਸਵਿਟਜ਼ਰਲੈਂਡ ਤੀਜੇ ਨੰਬਰ ਉਤੇ ਰਿਹਾ ਤੇ ਉਸ ਨੇ 15 ਤਗਮੇ ਜਿੱਤੇ।

ਸਭ ਤੋਂ ਥੱਲੇ ਰਹਿਣ ਵਾਲਿਆਂ ਵਿਚ ਅਮਰੀਕਾ, ਤੇ ਕੈਨੇਡਾ ਹਨ ਅਮਰੀਕਾ ਨੇ ਕੁਲ 6 ਤਗਮੇ ਜਿਤੇ ਜਦ ਕਿ ਕੈਨੇਡਾ ਕੋਈ ਸੋਨੇ ਦਾ ਤਗ਼ਮਾ ਹਾਸਲ ਨਹੀਂ ਕਰ ਸਕਿਆ — ਚਾਂਦੀ ਦੇ ਦੋ ਤੇ ਕਾਂਸੀ ਦੇ ਤਿੰਨ ਤਗਮੇ ਜਿੱਤੇ।

ਕੁੱਲ ਤਗਮਿਆਂ ਵਿਚ ਅੱਧੇ ਤੋਂ ਵੱਧ ਸੋਸ਼ਲਿਸਟ ਦੇਸ਼ਾਂ — ਸੋਵੀਅਤ, ਪੂਰਬੀ ਜਰਮਨੀ, ਚੈਕੋਸਲਵਾਕੀਆ, ਤੇ ਯੂਗੋਸਲਾਵੀਆ ਨੇ ਜਿੱਤੇ।

ਹਾਕੀ ਵਿਚ ਸੋਵੀਅਤ ਯੂਨੀਅਨ ਨੇ ਸੋਨੇ ਦਾ ਤਗਮਾ ਹਾਸਲ ਕੀਤਾ ਜਦ ਕਿ ਕੈਨੇਡਾ ਚੌਥੇ ਨੰਬਰ ਉਤੇ ਅਤੇ ਅਮਰੀਕਾ ਸੱਤਵੇਂ ਨੰਬਰ ਉਤੇ ਰਿਹਾ।

## ਪਾਰਲੀਮੈਂਟ ਵਿਚ ਬਜਟ ਪੇਸ਼

ਨਵੀਂ ਦਿੱਲੀ — 29 ਫਰਵਰੀ ਨੂੰ ਵਿੱਤ ਮੰਤਰੀ ਨੇ ਜਨਰਲ ਬਜਟ ਪੇਸ਼ ਕਰਦਿਆਂ ਦੇਸ਼ ਦੇ ਪੇਂਡੂ ਇਲਾਕਿਆਂ ਲਈ ਕੁਝ ਵਿਸ਼ੇਸ਼ ਪ੍ਰੋਗਰਾਮਾਂ ਦਾ ਐਲਾਨ ਕੀਤਾ ਹੈ। ਕਿਸਾਨਾਂ ਨੂੰ ਦਿਤੇ ਜਾਣ ਵਾਲੇ ਕਰਜ਼ਿਆਂ ਦੇ ਵਿਆਜ ਦੀਆਂ ਦਰਾਂ ਵਿਚ ਕਟੌਤੀ ਦਾ ਐਲਾਨ ਕੀਤਾ ਗਿਆ ਹੈ। ਪਿੰਡਾਂ ਵਿਚ ਘਰਾਂ ਦੀ ਉਸਾਰੀ ਲਈ 100 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਛੋਟੀਆਂ ਦਸਤਕਾਰੀਆਂ ਤੇ ਦਲਿਤ ਜਾਤੀਆਂ ਲਈ ਵਿਸ਼ੇਸ਼ ਐਲਾਨ ਕੀਤੇ ਗਏ ਹਨ।

ਵਿਰੋਧੀ ਪਾਰਟੀਆਂ ਨੇ ਬਜਟ ਨੂੰ ਨਿਕੰਮੇ ਬਜਟ ਦਾ ਨਾਂ ਦਿੱਤਾ ਹੈ।

## ਰਾਜੀਵ ਗਾਂਧੀ ਟਰੈਕ ਸੂਟ ਵਿਚ

ਨਵੀਂ ਦਿੱਲੀ — ਇਥੇ 1000 ਕਾਂਗਰਸੀਆਂ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੀ ਸ਼ਾਮਲ ਸੀ ਜਦੋਂ ਉਨ੍ਹਾਂ ਨੇ 42 ਕਿਲੋਮੀਟਰ ਦੌੜ ਲਾਈ। ਇਸ ਦੌੜ ਦਾ ਪ੍ਰਬੰਧ ਆਜ਼ਾਦੀ ਦੇ 42ਵੇਂ ਵਰ੍ਹੇ ਦੇ ਤੌਰ ਕੀਤਾ ਗਿਆ ਤੇ ਇਸ ਨੂੰ 'ਆਜ਼ਾਦੀ ਦੀ ਦੌੜ' ਦਾ ਨਾਂ ਦਿੱਤਾ ਗਿਆ।

ਪ੍ਰਧਾਨ ਮੰਤਰੀ ਟਰੈਕ ਸੂਟ ਵਿਚ ਕੁਝ ਵਕਫ਼ਾ ਪੁਲਸ ਦੀ ਭਾਰੀ ਨਿਗਰਾਨੀ ਹੇਠ ਕਾਂਗਰਸੀਆਂ ਨਾਲ ਦੌੜੇ।

**INCOME TAX** from $15
**ACCOUNTING**

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



**MANGAT AGENCIES**
No. 2-7171 King George HWY
SURREY, B.C.
(Authorized Ad)

**C.S. Mangat**
(Ex. Bank Manager)

**594-5711 594-2254**

*A Lifetime of Memories*

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
**Andrew W. Simpson**
Master of Photographic Arts

**Clearbrook Photographic Arts Inc.**
2623 Cedar Park Place Clearbrook, B.C. V2J 3S4

**Ph. 859-4222**

**MERIDIAN INSURANCE**

*Life & Accident sickness*

**LOCATION 1**
3268 COAST MERIDIAN RD.,
PORT COQUITLAM, B.C. V3B 3N4

**LOCATION 2**
Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)
ਸੰਤਬੀਰ ਸਿੰਘ ਮਿਨਹਾਸ
**Ph. 272-0700**

autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Santbir Minhas **Res. 271-1248** **ICBC, house, tenant, commercial**

# ਸਮਗਲਿੰਗ ਵਿਚ ਮੁੜ ਵਾਧੇ ਕਾਰਨ ਸੋਨੇ ਦੇ ਭਾਅ ਟੁੱਟੇ

ਚੰਡੀਗੜ੍ਹ — ਪੰਜਾਬ ਤੇ ਰਾਜਸਥਾਨ ਨਾਲ ਲਗਦੇ ਪਾਕਿਸਤਾਨ ਦੇ ਸਰਹੱਦੀ ਇਲਾਕੇ 'ਚ ਸੋਨੇ ਦੀ ਸਮਗਲਿੰਗ ਵਧ ਜਾਣ ਕਾਰਨ ਪਿਛਲੇ ਤਿੰਨ ਮਹੀਨਿਆਂ ਵਿਚ ਸੋਨੇ ਦੇ ਭਾਅ ਚਾਰ ਸੌ ਤੋਂ ਲੈ ਕੇ ਪੰਜ ਸੌ ਰੁਪਏ ਪ੍ਰਤੀ ਦਸ ਗ੍ਰਾਮ ਟੁੱਟ ਗਏ। ਅਕਤੂਬਰ ਤੇ ਨਵੰਬਰ ਦੇ ਮਹੀਨਿਆਂ ਵਿਚ ਸੁਰੱਖਿਆ ਦਲਾਂ ਨੇ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ 'ਤੇ ਕਾਬੂ ਪਾਉਣ ਲਈ ਸਰਹੱਦੀ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਸੀ ਤਾਂ ਕਿ ਕੋਈ ਵੀ ਦਹਿਸ਼ਤਪਸੰਦ ਜਾਲ ਬਚਾ ਕੇ ਪਾਕਿਸਤਾਨ ਦੇ ਇਲਾਕੇ ਵਿਚ ਦਾਖਲ ਨਾ ਹੋ ਸਕੇ। ਸੁਰੱਖਿਆ ਦਲਾਂ ਵਲੋਂ ਸਖਤੀ ਕਰਨ ਦਾ ਸਿੱਟਾ ਇਹ ਨਿਕਲਿਆ ਕਿ ਸਮਗਲਰ ਵੀ ਪਾਕਿਸਤਾਨ ਤੋਂ ਸੋਨਾ ਸਮੱਗਲ ਕਰਨ 'ਚ ਅਸਮਰਥ ਹੋ ਗਏ। ਪ੍ਰੰਤੂ ਇਸ ਦਾ ਸੋਨੇ ਦੀ ਮਾਰਕੀਟ 'ਤੇ ਬਹੁਤ ਅਸਰ ਪਿਆ ਤੇ ਦੋ ਮਹੀਨਿਆਂ ਦੇ ਸਮੇਂ ਵਿਚ ਸੋਨੇ ਦੇ ਭਾਅ ਵਿਚ 500 ਰੁਪਏ ਤੋਂ ਲੈ ਕੇ 600 ਰੁਪਏ ਪ੍ਰਤੀ ਦਸ ਗ੍ਰਾਮ ਦਾ ਉਛਾਲਾ ਆ ਗਿਆ। ਵਪਾਰਕ ਹਲਕਿਆਂ ਦਾ ਕਹਿਣਾ ਹੈ ਕਿ ਸੋਨੇ ਦੀ ਸਮਗਲਿੰਗ ਮੁੜ ਸ਼ੁਰੂ ਹੋਣ ਦੇ ਨਾਲ ਸ਼ੇਅਰ ਮਾਰਕੀਟ ਵਿਚ ਵੀ ਸਥਿਰਤਾ ਆ ਗਈ ਤੇ ਸਟੋਰੀਆਂ ਨੇ ਵੀ ਸੋਨਾ ਖਰੀਦਣਾ ਬੰਦ ਕਰ ਦਿੱਤਾ ਜਿਸ ਕਾਰਨ ਸੋਨੇ ਦੇ ਭਾਅ ਮੁੜ ਪਹਿਲਾਂ ਵਾਲੀ ਸਥਿਤੀ 3300 ਤੋਂ ਲੈ ਕੇ 3400 ਰੁਪਏ ਪ੍ਰਤੀ ਦਸ ਗ੍ਰਾਮ ਤਕ ਆ ਗਏ।

# ਰਾਜੀਵ ਦੀ ਚੀਨ ਯਾਤਰਾ

ਬੀਜਿੰਗ —— ਹਿੰਦ-ਚੀਨ ਦੇ ਅਧਿਕਾਰੀਆਂ ਦੀ ਮੁੱਢਲੀ ਗੱਲਬਾਤ ਤੋਂ ਬਾਅਦ ਦੋਵਾਂ ਦੇਸ਼ਾਂ ਵਿਚ ਇਸ ਗੱਲ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਕਿ ਸਬੰਧਾਂ ਨੂੰ ਹੋਰ ਚੰਗੇਰਾ ਬਨਾਉਣ ਦਾ ਰਾਹ ਖੁਲ੍ਹ ਰਿਹਾ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਚੀਨ ਯਾਤਰਾ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ। ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਅਗਲਾ ਕਿਹੜਾ ਮੋੜ ਆਏਗਾ ਇਸ ਬਾਰੇ ਭਵਿਖਬਾਣੀਆਂ ਹੋ ਰਹੀਆਂ ਹਨ। ਪਹਿਲਾਂ ਭਾਰਤ ਦਾ ਕੋਈ ਸੀਨੀਅਰ ਮੰਤਰੀ ਚੀਨ ਜਾਏਗਾ। ਨਵੇਂ ਸਾਲ ਦੇ ਸ਼ੁਰੂ ਵਿਚ ਭਾਰਤ ਦਾ ਸਭਿਆਚਾਰਕ ਵਫਦ ਚੀਨ ਯਾਤਰਾ ਉੱਤੇ ਚਲੇਗਾ ਅਤੇ ਫਿਰ ਚੀਨ ਦਾ ਵਿਗਿਆਨੀਆਂ ਦਾ ਵਫਦ ਭਾਰਤ ਆਏਗਾ।

ਦਿਉਲ ਐਗਰੀਕਲਚਰਲ ਐਜੂਕੇਸ਼ਨ ਅਤੇ ਰੀਸਰਚ ਸੁਸਾਇਟੀ ਅਤੇ
ਵੈਨਕੂਵਰ ਸੱਥ ਵਲੋਂ

# ਨਾਟਕਾਂ ਦਾ ਪ੍ਰੋਗਰਾਮ

**ਮਿਸ਼ਨ ਵਿਚ :** ਐਤਵਾਰ 6 ਮਾਰਚ, 1988 - ਦੁਪਹਿਰ ਦੇ ਤਿੰਨ ਵਜੇ (3 p.m.)
ਸਥਾਨ : ਮਿਸ਼ਨ ਜੂਨੀਅਰ ਸੈਕੰਡਰੀ ਸਕੂਲ - 328711 - 7 ਐਵੇਨਿਊ, ਮਿਸ਼ਨ

**ਨਾਰਥ ਡੈਲਟਾ ਵਿਚ :** ਐਤਵਾਰ 13 ਮਾਰਚ, 1988, ਦੁਪਹਿਰ ਦੇ ਤਿੰਨ ਵਜੇ
ਸਥਾਨ : ਨਾਰਥ ਡੈਲਟਾ ਸੀਨੀਅਰ ਸੈਕੰਡਰੀ ਸਕੂਲ, 8270 - 114 ਸਟਰੀਟ, ਡੈਲਟਾ

**ਪ੍ਰੋਗਰਾਮ : ਵੈਨਕੂਵਰ ਸੱਥ ਦੇ ਦੋ ਨਾਟਕ, ਗੀਤ ਸੰਗੀਤ** (ਮਿਸ਼ਨ ਵਿਚ ਭੰਗੜਾ ਵੀ ਹੋਵੇਗਾ)

**ਬੁਲਾਰਾ : ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦਾ ਪ੍ਰਧਾਨ ਸਰਵਣ ਬੋਲ**

ਨਾਟਕਾਂ ਬਾਰੇ : ਪਿਕਟ ਲਾਈਨ — ਇਹ ਨਾਟਕ ਖੇਤ ਮਜ਼ਦੂਰਾਂ ਵਲੋਂ ਖੇਤਾਂ ਵਿਚ ਯੂਨੀਅਨ ਬਨਾਉਣ ਦੀ ਜੱਦੋ ਜਹਿਦ ਦਰਸਾਉਂਦਾ ਹੈ। ਵੈਨਕੂਵਰ ਸੱਥ ਦਾ ਇਹ ਮਸ਼ਹੂਰ ਨਾਟਕ ਵੈਨਕੂਵਰ ਅਤੇ ਆਲੇ ਦੁਆਲੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਕਈ ਵਾਰੀ ਖੇਡਿਆ ਜਾ ਚੁੱਕਾ ਹੈ। (ਲੇਖਕ — ਸਾਧੂ, ਸੁਖਵੰਤ ਹੁੰਦਲ)

ਜ਼ਹਿਰ ਦੀ ਫਸਲ : ਖੇਤਾਂ ਵਿਚ ਵਰਤੀਆਂ ਜਾਂਦੀਆਂ ਕੀੜੇਮਾਰ ਦੁਆਈਆਂ ਦੇ ਖਤਰਿਆਂ ਬਾਰੇ ਵੈਨਕੂਵਰ ਸੱਥ ਵਲੋਂ ਤਿਆਰ ਕੀਤਾ ਨਵਾਂ ਨਾਟਕ (ਲੇਖਕ — ਸਾਧੂ, ਸੁਖਵੰਤ ਹੁੰਦਲ)

**ਟਿਕਟ : ਦੋ ਡਾਲਰ — ਫਾਰਮ ਵਰਕਰਜ਼ : ਇਕ ਡਾਲਰ**

ਹੋਰ ਜਾਣਕਾਰੀ ਲਈ ਫੋਨ ਕਰੋ :—
ਮਿਸ਼ਨ ਵਿਚ — ਮੇਜਰ ਰਾਏ — 826-5447 ; ਜਗਤਾਰ ਸਿੰਘ ਸੰਘਾ — 826-7963
ਜੁਗਿੰਦਰ ਔਲਖ — 826-4888 ; ਮੁਖਤਿਆਰ ਢੀਂਡਸਾ — 826-3070
ਕੇਹਰ ਚੀਮਾ — 826-3809 ; ਸ਼ਪਿੰਦਰ ਸੰਘਾ — 852-1984
ਵੈਨਕੂਵਰ ਵਿਚ : ਵੈਨਕੂਵਰ ਸੱਥ — 437-9014 ; ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ — 430- 6055

ਨੋਟ — ਐਬਟਸਫੋਰਡ ਅਤੇ ਸਾਊਥ ਵੈਨਕੂਵਰ ਵਿਚ ਸਮੇਂ ਅਤੇ ਥਾਂ ਬਾਰੇ ਜਾਣਕਾਰੀ ਅਗਲੇ ਅੰਕ ਵਿਚ


# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

**ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :**

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**


# ਬਾਦਲ ਦੇ ਬਾਬਰੀ ਮਸਜਿਦ ਵਾਲੇ ਨੁਕਤੇ ਦੀ ਆਲੋਚਨਾ

ਸੰਗਰੂਰ — ਸ਼੍ਰੋਮਣੀ ਅਕਾਲੀ ਦਲ (ਲੌ:) ਦੇ ਪ੍ਰਧਾਨ ਤੇ ਸਾਬਕਾ ਮੁਖ ਮੰਤਰੀ ਪੰਜਾਬ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਉਨ੍ਹਾਂ ਦਾ ਦਲ ਪ੍ਰਕਾਸ਼ ਸਿੰਘ ਬਾਦਲ ਵਲੋਂ ਪੰਜਾਬ ਸਮੱਸਿਆ ਦੇ ਹੱਲ ਲਈ ਪੇਸ਼ ਕੀਤੇ ਗਏ ਪੰਜ ਨੁਕਤਿਆਂ ਨਾਲ ਬਿਲਕੁਲ ਸਹਿਮਤ ਹੈ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਪਰ ਬਾਦਲ ਨੇ ਪੰਜ ਨੁਕਤਿਆਂ ਨਾਲ ਜੋ ਛੇਵਾਂ ਨੁਕਤਾ ਬਾਬਰੀ ਮਸਜਿਦ ਸਬੰਧੀ ਜੋੜਿਆ ਹੈ, ਉਸ ਨਾਲ ਬਿਲਕੁਲ ਸਹਿਮਤ ਨਹੀਂ। ਬਾਬਰੀ ਮਸਜਿਦ ਦੀ ਮੰਗ ਦਾ ਨੁਕਤਾ ਖੜ੍ਹਾ ਕਰ ਕੇ, ਪੰਜਾਬ ਸਮੱਸਿਆ ਦੀ ਮੰਗ ਲਈ ਅਕਾਲੀ ਦਲ (ਲ) ਵਲੋਂ ਕੀਤੇ ਜਾ ਰਹੇ ਸੰਘਰਸ਼ ਦੇ ਰਾਹ 'ਚ ਇਕ ਤਰ੍ਹਾਂ ਰੋੜਾ ਅਟਕਾਉਣ ਦੀ ਗੱਲ ਕੀਤੀ ਹੈ। ਇਸ ਨਾਜ਼ੁਕ ਸਮੇਂ ਬਾਬਰੀ ਮਸਜਿਦ ਵਰਗਾ ਮਸਲਾ ਪੰਜਾਬ ਸਮੱਸਿਆ ਨੂੰ ਹੱਲ ਕਰਵਾਉਣ ਵਾਲੇ ਨੁਕਤਿਆਂ ਨਾਲ ਨਹੀਂ ਸੀ ਜੋੜਨਾ ਚਾਹੀਦਾ। ਬਾਦਲ ਦਾ ਇਹ ਬਿਆਨ ਜਿਥੇ ਬਚਕਾਨਾ ਹੈ, ਉਥੇ ਇਹ ਵੀ ਪਤਾ ਲਗਦਾ ਹੈ ਕਿ ਇਸ ਸਮੇਂ ਬਾਦਲ ਦੇ ਨਾਲ ਪੂਰੇ ਦਾ ਪੂਰਾ ਸੰਯੁਕਤ ਅਕਾਲੀ ਦਲ ਘਬਰਾਹਟ 'ਚ ਹੈ।

ਸ੍ਰੀ ਬਰਨਾਲਾ ਨੇ ਕਿਹਾ ਕਿ ਪੰਜਾਬ ਦੇ ਗਵਰਨਰ ਕੋਲ ਇਸ ਸਮੇਂ ਪੰਜਾਬ ਦੀ ਉਲਝੀ ਤਾਣੀ ਨੂੰ ਹੱਲ ਕਰਨ ਲਈ ਕੋਈ ਠੋਸ ਸੁਝਾਅ ਨਹੀਂ ਹਨ। ਗਵਰਨਰ ਪੂਰੀ ਤਰ੍ਹਾਂ ਕੇਂਦਰੀ ਸਰਕਾਰ ਦੇ ਹੱਥਾਂ 'ਚ ਕਠਪੁਤਲੀ ਬਣ ਚੁਕਾ ਹੈ। ਕਾਂਗਰਸ (ਆਈ) ਦੀ ਨੁਕਤਾਚੀਨੀ ਕਰਦਿਆਂ ਸ੍ਰੀ ਬਰਨਾਲਾ ਨੇ ਕਿਹਾ ਕਿ ਕੇਂਦਰੀ ਸਰਕਾਰ ਦੀ ਨੀਤੀ ਇਸ ਵੇਲੇ ਅੰਗਰੇਜ਼ ਸਰਕਾਰ ਵਾਲੀ 'ਪਾੜੋ ਤੇ ਰਾਜ ਕਰੋ' ਵਾਲੀ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਸਰਕਾਰ ਨੂੰ ਪੰਜਾਬ ਸਮੱਸਿਆ ਦੇ ਹੱਲ ਲਈ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤੇ ਨਾਲ ਹੀ ਅਕਾਲੀ ਨੇਤਾਵਾਂ ਨਾਲ ਇਸ ਮਸਲੇ ਸਬੰਧੀ ਗੱਲਬਾਤ ਕਰਨ ਸਮੇਂ ਸੁਹਿਰਦਤਾ ਤੋਂ ਕੰਮ ਲੈਣਾ ਚਾਹੀਦਾ ਹੈ। ਇਸ ਸਮੇਂ ਪੰਜਾਬ ਵਿਚ ਜਿੰਨੇ ਵੀ ਹਾਲਤ ਵਿਗੜ ਰਹੇ ਹਨ ਇਸ ਦੀ ਜ਼ਿਮੇਵਾਰੀ ਕੇਂਦਰੀ ਸਰਕਾਰ ਉਪਰ ਹੈ।

# ਸੰਗਰੂਰ ਦਲ ਦੇ ਪ੍ਰਧਾਨ ਦੀ ਚੋਣ ਮੁਲਤਵੀ

ਸੰਗਰੂਰ — ਜ਼ਿਲਾ ਅਕਾਲੀ ਜਥਾ ਸੰਗਰੂਰ (ਲ) ਦੇ ਜ਼ਿਲਾ ਪ੍ਰਧਾਨ ਦੀ ਚੋਣ ਕੁਝ ਸਮੇਂ ਲਈ ਮੁਲਤਵੀ ਕਰ ਦਿੱਤੀ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਲ) ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਚੋਣ ਦੀ ਤਾਰੀਕ ਛੇਤੀ ਨਿਸ਼ਚਤ ਕੀਤੀ ਜਾਵੇਗੀ। ਸਿਆਸੀ ਹਲਕਿਆਂ ਅਨੁਸਾਰ ਇਸ ਸਮੇਂ ਜ਼ਿਲੇ ਦੀ ਜਥੇਦਾਰੀ ਲਈ ਸਾਬਕਾ ਵਿਧਾਇਕ ਜਥੇਦਾਰ ਗੁਰਚਰਨ ਸਿੰਘ ਲਖਮੀਰਵਾਲਾ, ਸਾਬਕਾ ਸੰਸਦੀ ਸਕੱਤਰ ਸ੍ਰੀ ਸੁਰਿੰਦਰ ਸਿੰਘ ਧੂਰੀ, ਜਥੇਦਾਰ ਜੋਗਿੰਦਰ ਸਿੰਘ ਭੁਟਾਨੀ ਤੇ ਬੀਬੀ ਰਸ਼ਪਾਲ ਕੌਰ ਦਾ ਨਾਮ ਲਿਆ ਜਾ ਰਿਹਾ ਹੈ।

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To **The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address...................................................
City.........................................................
Province..................................................
Postal code..............................................
PHONE.

| | |
|---|---|
| One Year ..................... | 30 dollars |
| Two Year ..................... | 55 dollars |
| Three year ................... | 80 dollars |
| Life membership.......... | 500 dollars |
| ASIA.............................. | 150 dollars [a year] |
| U.S.A. ........................... | 35 dollars [a year] |
| Europe ........................... | 150 dollars[a year] |
| Africa ............................ | 150 dollars [a year] |

# ਪੰਜਾਬ ਨੂੰ ਜੰਮੂ-ਕਸ਼ਮੀਰ ਵਰਗੇ ਵਿਸ਼ੇਸ਼ ਦਰਜੇ ਦੀ ਪੈਰਵੀ

ਬਰਨਾਲਾ — ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਰਾਮ ਪਿਆਰਾ ਸਰਾਫ ਨੇ ਕਿਹਾ ਹੈ ਕਿ ਆਜ਼ਾਦੀ ਦੇ 40 ਸਾਲਾਂ ਬਾਅਦ ਦੇਸ਼ ਮੁੜ ਉਥੇ ਜਾ ਖੜ੍ਹਾ ਹੋਇਆ ਹੈ ਜਿਥੇ 1947 ਤੋਂ ਪਹਿਲਾਂ ਸੀ। ਅੱਜ ਫਿਰ ਦੇਸ਼ ਵਾਸੀਆਂ ਦੇ ਫਿਰਕੂ ਜਜ਼ਬਾਤ ਭੜਕਾਏ ਜਾ ਰਹੇ ਹਨ। ਇਸ ਲਈ ਕਾਂਗਰਸ ਸਰਕਾਰ ਦੀਆਂ ਨੀਤੀਆਂ ਜ਼ਿਮੇਂਵਾਰ ਹਨ। ਇਥੇ ਇੰਟਰਨੈਸ਼ਨਲਿਸਟ ਡੈਮੋਕਰੇਟਿਕ ਫਰੰਟ ਦੀ ਮਾਲਵਾ ਰਿਜਨ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅੰਕੜੇ ਦੇ ਕੇ ਉਨ੍ਹਾਂ ਦੱਸਿਆ ਕਿ ਕਾਂਗਰਸ ਦੀਆਂ ਆਰਥਿਕ ਨੀਤੀਆਂ ਅਸਫਲ ਹਨ, ਇਸ ਲਈ ਹੁਣ ਉਹ ਹਰ ਗੱਲ ਕੇਵਲ ਵੋਟਾਂ ਦੇ ਆਧਾਰ ਉਤੇ ਹੀ ਸੋਚਦੀ ਹੈ

ਪੰਜਾਬ ਦੀ ਸਥਿਤੀ ਦੀ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਸਭ ਤੋਂ ਗੰਭੀਰ ਪੱਖ ਇਹ ਹੈ ਕਿ ਪੰਜਾਬ ਦਾ ਹਿਦੂ ਦਿੱਲੀ ਵੱਲ ਵੇਖਦਾ ਹੈ ਅਤੇ ਸਿੱਖਾਂ ਨੂੰ ਦਿੱਲੀ ਉਤੇ ਵਿਸ਼ਵਾਸ ਨਹੀਂ ਰਿਹਾ। ਲੋੜ ਭਰੋਸਾ ਪੈਦਾ ਕਰਨ ਦੀ ਹੈ। ਅਜਿਹਾ ਨਾ ਕੀਤਾ ਗਿਆ ਤਾਂ ਨਤੀਜੇ ਭੈੜੇ ਨਿਕਲ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਖਾਲਿਸਤਾਨ ਦਾ ਨਾਅਰਾ ਕਾਂਗਰਸ ਦੀਆਂ ਉਨ੍ਹਾਂ ਨੀਤੀਆਂ ਦੀ ਦੇਣ ਹੈ ਜੋ ਕੇਵਲ ਪਾਰਟੀ ਤੇ ਇਕ ਖਾਨਦਾਨ ਦੇ ਰਾਜ ਲਈ ਹੀ ਬਣਾਈਆਂ ਗਈਆਂ ਹਨ। ਸ੍ਰੀ ਸਰਾਫ ਨੇ ਸੀ ਪੀ ਆਈ ਤੇ ਮਾਰਕਸੀ ਪਾਰਟੀਆਂ ਦੀ ਇਸ ਪੱਖੋਂ ਨੁਕਤਾਚੀਨੀ ਕੀਤੀ ਕਿ ਉਹ ਇਕ ਪਾਸੇ 'ਰਾਜੀਵ ਹਟਾਓ' ਦਾ ਨਾਅਰਾ ਦੇ ਰਹੀਆਂ ਹਨ ਤੇ ਦੂਜੇ ਪਾਸੇ ਕਾਂਗਰਸ ਵਾਲੀ ਬੋਲੀ ਬੋਲ ਰਹੀਆਂ ਹਨ। ਅੱਜ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਸਭ ਤੋਂ ਵੱਧ ਖਤਰਾ ਕਾਂਗਰਸ ਸਰਕਾਰ ਦੀਆਂ ਨੀਤੀਆਂ ਤੋਂ ਹੈ।

ਆਈ. ਡੀ. ਪੀ. ਆਗੂ ਨੇ ਕਿਹਾ ਕਿ ਸ੍ਰੀ ਸੁਰਜੀਤ ਸਿੰਘ ਬਰਨਾਲਾ ਪੰਜਾਬ ਸਮਝੌਤਾ ਲਾਗੂ ਕਰਨ ਅਤੇ ਬਾਦਲ ਪੰਜ ਨੁਕਾਤੀ ਫਾਰਮੂਲਾ ਮੰਨਣ ਦੀਆਂ ਗੱਲਾਂ ਕਰ ਰਹੇ ਹਨ। ਇਹ ਦੋਵੇਂ ਗੱਲਾਂ ਪੰਜਾਬ, ਪੰਜਾਬੀਆਂ ਤੇ ਸਿੱਖਾਂ ਦੀ 1983 ਵਾਲੀ ਸਥਿਤੀ ਦੀ ਬਹਾਲੀ ਹੀ ਕਰਦੀਆਂ ਹਨ। ਇਨ੍ਹਾਂ ਨਾਲ ਸਮੱਸਿਆ ਨਹੀਂ ਸੁਲਝਦੀ। ਮਸਲੇ ਦੇ ਹੱਲ ਲਈ ਜ਼ਰੂਰੀ ਹੈ ਕਿ ਪੰਜਾਬ ਨੂੰ ਵੱਧ ਅਧਿਕਾਰਾਂ ਸਮੇਤ ਜੰਮੂ-ਕਸ਼ਮੀਰ ਵਾਂਗ ਵਿਸ਼ੇਸ਼ ਦਰਜਾ ਦਿੱਤਾ ਜਾਵੇ। ਪੰਜਾਬ ਸਮੱਸਿਆ ਦੇ ਹੱਲ ਲਈ ਸਰਕਾਰ ਖਾੜਕੂਆਂ ਸਮੇਤ ਸਭ ਪਾਰਟੀਆਂ ਦੀ ਸਾਂਝੀ ਮੀਟਿੰਗ ਬੁਲਾਵੇ।

ਇੰਟਰਨੈਸ਼ਨਲਿਸਟ ਡੈਮੋਕਰੇਟਿਕ ਫਰੰਟ ਦੇ ਜਨਰਲ ਸਕੱਤਰ ਸ੍ਰੀ ਸੱਜਣ ਕੁਮਾਰ (ਰਾਜਸਥਾਨ) ਨੇ ਕਿਹਾ ਹੈ ਕਿ ਪੰਜਾਬ ਦੇ ਰਾਜਪਾਲ ਸ੍ਰੀ ਰੇਅ ਤੇ ਪੁਲੀਸ ਮੁਖੀ ਸ੍ਰੀ ਰਿਬੇਰੋ ਸਮੇਤ ਸਭ ਕਹਿ ਰਹੇ ਹਨ ਕਿ ਪੰਜਾਬ ਦਾ ਮਸਲਾ ਰਾਜਸੀ ਹੈ। ਜਦੋਂ ਉਨ੍ਹਾਂ ਦੀ ਪਾਰਟੀ ਨੇ ਤਿੰਨ ਸਾਲ ਪਹਿਲਾਂ ਇਹ ਗੱਲ ਕਹੀ ਸੀ ਤਾਂ ਕਿਸੇ ਸੁਣੀ ਨਹੀਂ। ਇਸ ਬਾਰੇ ਰਾਜਸਥਾਨ ਵਿਚ ਇਸ਼ਤਿਹਾਰ ਲਾਏ ਤਾਂ ਕਾਂਗਰਸੀ ਆਗੂਆਂ ਤੇ ਪ੍ਰੈਸ ਨੇ ਇਹ ਧੁਮਾਇਆ ਕਿ ਗੰਗਾਨਗਰ ਏਰੀਏ ਵਿਚ ਅਤਿਵਾਦੀ ਆ ਗਏ ਹਨ। ਗੱਦੀਆਂ 'ਤੇ ਬੈਠੇ ਲੋਕ ਮਸਲੇ ਹੱਲ ਕਰਨ ਦੀ ਥਾਂ ਫਤਵੇਬਾਜ਼ੀ ਕਰਦੇ ਹਨ ਤੇ ਆਪਣੇ ਆਪ ਨੂੰ ਦੇਸ਼ ਭਗਤੀ ਦੇ ਅਤੇ ਦੂਜਿਆਂ ਨੂੰ ਗੱਦਾਰੀ ਦੇ ਸਰਟੀਫਿਕੇਟ ਦਿੰਦੇ ਹਨ।

ਆਈ. ਡੀ. ਐਫ. ਦੀ ਕੇਂਦਰੀ ਕਮੇਟੀ ਮੈਂਬਰ ਤੇ ਜੰਮੂ ਖਿਤੇ ਦੇ ਯੂਨਿਟ ਦੇ ਸਕੱਤਰ ਸ੍ਰੀ ਬਾਬੂ ਸਿੰਘ ਨੇ ਕਿਹਾ ਕਿ ਪੰਜਾਬ ਸਮੱਸਿਆ ਦੇ ਦੋ ਕਾਰਨ ਹਨ, ਉਹ ਹਟਾਏ ਜਾਣੇ ਚਾਹੀਦੇ ਹਨ। ਉਨ੍ਹਾਂ ਜੰਮੂ-ਕਸ਼ਮੀਰ ਦੇ ਵੇਰਵੇ ਦੇ ਕੇ ਕਾਂਗਰਸ ਦੀਆਂ ਦੋਗਲੀਆਂ ਤੇ ਦੀਵਾਲੀਆ ਨੀਤੀਆਂ ਦੀ ਚਰਚਾ ਕੀਤੀ।

ਕਾਨਫਰੰਸ ਨੂੰ ਹੋਰਨਾਂ ਤੋਂ ਇਲਾਵਾ ਬਜ਼ੁਰਗ ਦੇਸ਼ ਭਗਤ ਬਾਬਾ ਠਾਕਰ ਦਾਸ, ਆਈ. ਡੀ. ਐਫ ਦੇ ਪੰਜਾਬ ਦੇ ਆਗੂ ਮਾਸਟਰ ਖੇਤਾ ਸਿੰਘ, ਸ੍ਰੀ ਮੱਘਰ ਸਿੰਘ ਕੂਲਰੀਆਂ, ਸ੍ਰੀ ਸੁਖਦੇਵ ਸਿੰਘ ਭੁਪਾਲ ਤੇ ਸ੍ਰੀ ਰਾਮ ਸਿੰਘ ਜਲੰਧਰ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਪੰਜਾਬ ਦੇ ਹਿਦੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਾਂ ਬੋਲੀ ਪੰਜਾਬ ਤੋਂ ਭਾਜਪਾ ਤੇ ਕਾਂਗਰਸ ਦੇ ਇਸ਼ਾਰੇ ਉਤੇ ਮੁਨਕਰ ਹੋਣ ਦੀ ਗਲਤੀ ਸੋਧਣ। ਆਪਣੀ ਸੁਰੱਖਿਆ ਲਈ ਦਿੱਲੀ ਵੱਲ ਵੇਖਣ ਦੀ ਥਾਂ ਪੰਜਾਬੀਆਂ ਦੀ ਏਕਤਾ ਉਸਾਰਨ ਵਿਚ ਉਸਾਰੂ ਹਿੱਸਾ ਪਾਉਣ। ਪੰਜਾਬ ਦੇ ਸਿੱਖ ਕੇਂਦਰ ਤੋਂ ਹੱਕ ਲੈਣ ਲਈ ਗੋਲੀਆਂ ਦੀ ਥਾਂ ਪੰਜਾਬੀ ਏਕਤਾ ਦਾ ਦਬਾਅ ਪਾਉਣ। ਇਸ ਲਈ ਉਹ ਪੰਜਾਬੀ-ਹਿਦੂ ਨੂੰ ਨਾਲ ਲੈ ਕੇ ਤੁਰਨ।

# ਕਮਿਸ਼ਨਰ ਵੀ ਬੀਵੀ ਤੋਂ ਤੰਗ ਸੀ

ਪਟਨਾ — ਪੁਲੀਸ ਨੇ ਕਮਿਸ਼ਨਰ ਰੈਂਕ ਦੇ ਇਕ ਆਈ ਏ ਐਸ ਅਫਸਰ ਨੂੰ ਆਪਣੀ ਬੀਵੀ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਹੇਠ ਗ੍ਰਿਫਤਾਰ ਕੀਤਾ। ਪੁਲੀਸ ਅਨੁਸਾਰ ਏ ਕੇ ਮਹਾਜਨ ਨਾਮੀ ਇਸ ਆਈ ਏ ਐਸ ਅਧਿਕਾਰੀ ਨੇ ਪਹਿਲਾਂ ਆਪਣੀ ਬੀਵੀ 'ਤੇ ਚਾਕੂ ਨਾਲ ਹਮਲਾ ਕੀਤਾ ਅਤੇ ਅਸਫਲ ਰਹਿਣ 'ਤੇ ਸਰਕਟ ਹਾਊਸ ਦੇ ਉਸ ਕਮਰੇ ਨੂੰ ਅੱਗ ਲਗਾ ਦਿੱਤੀ ਜਿਸ ਵਿਚ ਉਸ ਦੀ ਬੀਵੀ ਠਹਿਰੀ ਹੋਈ ਸੀ। ਸਰਕਟ ਹਾਊਸ ਦੇ ਸਟਾਫ ਨੇ ਤਨੂਜਾ ਨੂੰ ਕਮਰੇ ਵਿਚੋਂ ਕੱਢ ਕੇ ਹਸਪਤਾਲ ਪਹੁੰਚਾਇਆ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ।

# ਰਾਜੀਵ ਅਮਨ ਦੇ ਰਾਹ 'ਤੇ ਤੁਰੇ : ਜੁਨੇਜੋ

ਇਸਲਾਮਾਬਾਦ — ਪਾਕਿਸਤਾਨੀ ਪ੍ਰਧਾਨ ਮੰਤਰੀ ਸ੍ਰੀ ਮੁਹੰਮਦ ਖਾਨ ਜੁਨੇਜੋ ਨੇ ਆਸ ਪ੍ਰਗਟ ਕੀਤੀ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਮਨ ਦਾ ਰਾਹ ਅਖਤਿਆਰ ਕਰਨਗੇ। ਉਨ੍ਹਾਂ ਕਿਹਾ ਕਿ "ਭਾਰਤ ਵਲੋਂ ਸਿਆਚਿਨ ਗਲੇਸ਼ੀਅਰ ਦੇ ਸਵਾਲ 'ਤੇ ਪਾਕਿਸਤਾਨ ਨਾਲ ਜੰਗ ਛੇੜਨ ਦੀਆਂ ਗੱਲਾਂ ਵਿਚ ਕੋਈ ਤੁਕ ਨਜ਼ਰ ਨਹੀਂ ਆਉਂਦੀ

ਸ੍ਰੀ ਜੁਨੇਜੋ ਪਾਕਿਸਤਾਨ ਦੇ ਪ੍ਰਮੁਖ ਅਖਬਾਰਾਂ ਦੇ ਸੰਪਾਦਕਾਂ ਨਾਲ ਇਕ ਮੀਟਿੰਗ ਦੌਰਾਨ ਸਵਾਲਾਂ ਦੇ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ : "ਹਥਿਆਰਾਂ ਦੀ ਭਾਸ਼ਾ ਨਾਲ ਮਸਲੇ ਹੱਲ ਨਹੀਂ ਹੁੰਦੇ।" ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਲੋਂ "ਸਖਤ ਗੱਲਾਂ" ਉਦੋਂ ਕੀਤੀਆਂ ਜਾ ਰਹੀਆਂ ਹਨ ਜਦੋਂ ਅਫਗਾਨ ਮਸਲੇ ਦੇ ਨਿਪਟਾਰੇ ਦੀ ਸੰਭਾਵਨਾ ਨਾਲ ਪੂਰੇ ਭਾਰਤੀ ਉਪ ਮਹਾਂਦੀਪ ਵਿਚ ਅਮਨ ਦੀ ਸਥਾਪਤੀ ਦੀਆਂ ਸੰਭਾਵਨਾਵਾਂ ਹੋਰ ਪ੍ਰਬਲ ਹੋ ਰਹੀਆਂ ਹਨ।


## ਗ੍ਰੰਥੀ ਦੀ ਲੋੜ

ਗੁਰੂਘਰ ਡੰਕਨ, ਬੀ. ਸੀ. ਵਿਖੇ ਗ੍ਰੰਥੀ ਸਾਹਿਬ ਦੀ ਸ਼ੀਘਰ ਲੋੜ ਹੈ। ਇਸ ਉਤਮ ਸੇਵਾ ਲਈ ਚਾਹਵਾਨ ਸਜਣ ਹੇਠ ਲਿਖੇ ਐਡਰੈਸ ਤੇ ਚਿੱਠੀ ਪੱਤਰ ਰਾਹੀਂ ਜਾਂ ਫੋਨ ਤੇ ਗਲਬਾਤ ਰਾਹੀਂ ਤਾਲਮੇਲ ਕਰ ਸਕਦੇ ਹਨ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ। ਚਿੱਠੀ ਵਿਚ ਪੂਰੀ ਪੂਰੀ ਯੋਗਤਾ, ਐਡਰੈਸ ਅਤੇ ਫੋਨ ਜ਼ਰੂਰ ਲਿਖਿਆ ਜਾਵੇ। ਧੰਨਵਾਦ ਸਹਿਤ।

ਸ਼ੁਭਚਿੰਤਕ
ਪ੍ਰਧਾਨ - ਕਰਤਾਰ ਸਿੰਘ ਸੰਘਾ

ਫੋਨ — 746-4868
746-5113

V.I. Cultural Society
Sikh Temple
3210 Sherman Road
Duncan, B.C. V9L 4B4



# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ





Bhupinder(Bob) Sihota

For further information call:

Bhupinder(Bob) Sihota
Ph. 433-1207
Mint Auto Body Ltd.
5590 Lane Street, BURNABY, B.C. V5H 2H5



# Non-smokers pay less
for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
urnaby, B.C.

Ph. Off. 430-0455
Ph. Res. 433-1684

SunLife OF CANADA

Get your life in shape.




ਸਵਾਲ ਬਣ ਗਈ ਖਲਾਅ 'ਚ
ਜ਼ਮਾਨੇ ਦੀ ਦੁਆ
ਹਰੇਕ ਨਜ਼ਰ ਆਪਣੀ ਟਿਕਟਿਕੀ 'ਚ ਲਟਕ ਗਈ


# MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating?
Turn Down?

**NO PROBLEM**

Residential, Commercial, Motels & Interim financing.
**1st & 2nd Mortgages**

1 & 2nd Mortgage up to 85-90%

**AFRO-CANADIAN MORTGAGE LTD.**

*8 YEARS EXPERIENCE*
SHERALI VELJI
Monday to Friday 9.30 to 5.30
Saturday 11-4

**Ph. 433-6391**
Ste. 300-3665 Kingsway Vancouver, B.C
Res: 433-7975



# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**





# ਕੀ ਤੁਸੀਂ ਨਵੀਂ ਜਾਂ ਪੁਰਾਣੀ ਕਾਰ ਲੱਭ ਰਹੇ ਹੋ ???

ਤਾਂ ਇਕ ਵਾਰ ਸਾਡੇ ਸ਼ੋਅ ਰੂਮ ਵਿਚ ਆਉ ਤੇ ਮਿਲੋ

**ਭਵਖੰਡਨ ਸਿੰਘ ਰਖਰਾ**
**(BOB RAKHRA)**

ਨੂੰ ਜੋ ਤੁਹਾਨੂੰ ਵਧੀਆ ਕਾਰ, ਵਾਜਬ ਕੀਮਤ ਤੇ ਦਿਖਾਉਣ ਦਾ ਭਰੋਸਾ ਦਿਵਾਉਂਦੇ ਹਨ



ਭਵਖੰਡਨ ਸਿੰਘ ਰਖਰਾ
Res. 324-4381

## ਸਾਡੇ ਕੋਲ ਹਰ MAKE ਤੇ MODEL ਦੀਆਂ ਪੁਰਾਣੀਆਂ ਕਾਰਾਂ ਵੀ ਹਨ

G. M. FORD, CHRYSLER, TOYOTA, HONDA, MAZDA VOLKSWAGON, BMW SUZUKI AND MANY OTHERS.

ਕਾਰਾਂ ਤੁਸੀਂ ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਵੀ ਲੈ ਸਕਦੇ ਹੋ

ਅਸੀਂ ਤੁਹਾਡੇ ਲਈ ਫਾਈਨੈਂਸਿੰਗ ਦਾ ਵੀ ਪ੍ਰਬੰਧ ਕਰਵਾ ਸਕਦੇ ਹਾਂ

## NISSAN ਦੀਆਂ 1988 MODEL ਦੀਆਂ ਨਵੀਆਂ ਜਪਾਨੀ ਕਾਰਾਂ

FAMILY CARS :— MICRA, STANZA, SENTRA, MAXIMA (FROM $8000 and UP)

SPORTS CARS :— 200SX, 300ZX, PULSAR

VANS :— MULTI, PATHFINDER

PICK UP :— KING CAB, REGULAR OR LONG BED, AND PATHFINDER

ਹੋਰ ਜਾਣਕਾਰੀ ਤੇ ਤਸੱਲੀਬਖਸ਼ ਸਰਵਿਸ ਲਈ ਸਾਡੇ ਸ਼ੋ ਰੂਮ 'ਚ ਆ ਕੇ BOB RAKHRA ਨੂੰ ਮਿਲੋ ਜਾਂ ਫੋਨ ਕਰੋ :

# JIM PATTISON NISSAN

A JIM PATTISON COMPANY

3333 MAIN ST., (at 18th Ave.) VANCOUVER, B.C.

**Ph. Off: 876-3333**

West Side of Main Between 17th Ave. 18th Ave.)

# ਪੁਲੀਸ ਹਿਰਾਸਤ ’ਚ ਮੌਤ ਵਿਰੁੱਧ ਜ਼ਬਰਦਸਤ ਵਿਖਾਵਾ

ਅੰਮ੍ਰਿਤਸਰ — ਮਾਰਕਸਵਾਦੀ ਕਮਿਊਨਿਸਟ ਪਾਰਟੀ ਵਲੋਂ ਪੁਲੀਸ ਹਿਰਾਸਤ ਵਿਚ ਮਾਰਕਸੀ ਪਾਰਟੀ ਦੇ ਵਰਕਰ ਬਲਬੀਰ ਸਿੰਘ ਦੀ ਮੌਤ ਵਿਰੁਧ ਰੋਸ ਪ੍ਰਗਟ ਕਰਨ ਲਈ ਇਥੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮਾਰਕਸੀ ਨੇਤਾਵਾਂ — ਦਲੀਪ ਸਿੰਘ ਅਤੇ ਪਾਰਟੀ ਦੀ ਜ਼ਿਲਾ ਇਕਾਈ ਦੇ ਸੈਕਟਰੀ ਰਾਜੇਸ਼ਵਰ ਸਿੰਘ ਚਮਿਆਰੀ ਨੇ ਦੋਸ਼ ਲਗਾਇਆ ਕਿ ਸ਼ਹੂਰਾ ਪਿੰਡ ਦੇ ਬਲਬੀਰ ਸਿੰਘ ਨੂੰ ਲੋਪੋਕੇ ਪੁਲੀਸ ਨੇ ਉਸ ਦੇ ਘਰੋਂ ਚੁੱਕਿਆ ਸੀ ਅਤੇ ਬਾਅਦ ਵਿਚ 11 ਫਰਵਰੀ ਨੂੰ ਹਿਰਾਸਤ ਦੌਰਾਨ ਹੀ ਅੰਨ੍ਹੇਵਾਹ ਅਣ-ਮਨੁੱਖੀ ਤਸ਼ੱਦਦ ਕਰਕੇ ਉਸ ਨੂੰ ਮਾਰ-ਖਪਾ ਦਿੱਤਾ ਗਿਆ।”

ਮਾਰਕਸੀ ਨੇਤਾਵਾਂ ਨੇ ਬਲਬੀਰ ਸਿੰਘ ਦੇ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਂਦੇ ਸਮੇਂ ਮੋਟਰ ਸਾਈਕਲ ਤੋਂ ਬਚ ਕੇ “ਫਰਾਰ ਹੋ ਜਾਣ” ਬਾਰੇ ਪੁਲੀਸ ਦੀ ਕਹਾਣੀ ਨੂੰ ਮਨਘੜਤ ਅਤੇ ਕੋਰਾ ਝੂਠ ਕਰਾਰ ਦਿੱਤਾ। ਦੋ ਹੋਰ ਉਘੇ ਮਾਰਕਸੀ ਨੇਤਾਵਾਂ — ਸੀਟੂ ਆਗੂ ਵਿਜੈ ਮਿਸ਼ਰਾ ਅਤੇ ਜਸਵਿੰਦਰ ਸਿੰਘ ਨੇ ਅਫਸੋਸ ਪ੍ਰਗਟ ਕਰਦਿਆਂ ਆਖਿਆ ਕਿ ਇਹ ਪੁਲੀਸ ਹੀ ਹੈ ਜੋ ਕਿ ਅਜੇ ਵੀ ਇਸ ਕਿਸਮ ਦੀਆਂ ਮਨਮਾਨੀਆਂ ਕਰ ਕੇ ਭੋਲੇ-ਭਾਲੇ ਨੌਜਵਾਨਾਂ ਨੂੰ ਜ਼ਬਰਦਸਤੀ ਖੂੰਖਾਰ ਦਹਿਸ਼ਤਗਰਦਾਂ ਦੀਆਂ ਸਫਾਂ ਵਿਚ ਧਕੇਲ ਰਹੀ ਹੈ।

ਪ੍ਰਦਰਸ਼ਨਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਆਪਣੇ ਦਫਤਰ ’ਚੋਂ ਬਾਹਰ ਆ ਕੇ ਯਾਦ ਪਤਰ ਲੈਣ ਲਈ ਮਜ਼ਬੂਰ ਕੀਤਾ। ਮਾਰਕਸੀ ਨੇਤਾਵਾਂ ਨੇ ਬਲਬੀਰ ਸਿੰਘ ਦੀ ਹੱਤਿਆ ਲਈ ਜ਼ਿਮੇਂਵਾਰ ਪੁਲੀਸ ਮੁਲਾਜ਼ਮਾਂ ਵਿਰੁਧ ਸਖਤ ਮੁਕੱਦਮੇ ਦਰਜ ਕੀਤੇ ਜਾਣ ਅਤੇ ਉਸਦੇ ਪਰਿਵਾਰ ਦੇ ਮੈਂਬਰਾਂ ਨੂੰ ਵਾਜਬ ਯਕਮੁਸ਼ਤ ਗਰਾਂਟ ਦਿੱਤੇ ਜਾਣ ਦੀ ਮੰਗ ਕੀਤੀ। ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਹੋਈਆਂ।

ਇਸੇ ਦੌਰਾਨ ਬਟਾਲਾ ਤੋਂ ‘ਪ. ਟ. ਬ.’ ਅਨੁਸਾਰ ਇਕ ਹੋਰ ਬਿਆਨ ਵਿਚ ਮਾਰਕਸੀ ਨੇਤਾਵਾਂ ਨੇ ਸਰਕਾਰ ਦਾ ਧਿਆਨ ਅਤਿ ਦਰਜੇ ਦੀ ਪਰੇਸ਼ਾਨੀ ਦਾ ਬਾਇਸ ਬਣੇ ਹੋਏ ਉਸ ਵਰਤਾਰੇ ਵੱਲ ਵੀ ਦਿਵਾਇਆ ਹੈ ਜਿਸ ਦੇ ਤਹਿਤ ਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲਿਆਂ ਦੇ ਪੇਂਡੂ ਇਲਾਕਿਆਂ ਵਿਚ ਦਹਿਸ਼ਤਗਰਦ ਖੂਹਾਂ ’ਤੇ ਆਪਣੀਆਂ ਜ਼ਮੀਨਾਂ ਉਪਰ ਰਹਿ ਰਹੇ ਲੋਕਾਂ ਦੀਆਂ ਬਹਿਕਾਂ ’ਤੇ ਜ਼ਬਰਦਸਤੀ ਆ ਕਹੇ ਠਹਿਰਦੇ ਹਨ ਅਤੇ ਬੇਵਸ ਕਿਸਾਨਾਂ ਦੀ ਹਾਲਤ ‘ਸੱਪ ਦੇ ਮੂੰਹ ਕੋਹੜ ਕਿਰਲੀ’ ਵਾਲੀ ਬਣੀ ਹੋਈ ਹੈ। ਜੇਕਰ ਉਹ ਦਹਿਸ਼ਤਗਰਦਾਂ ਨੂੰ ਨਾਂਹ-ਨੁੱਕਰ ਕਰਦੇ ਹਨ ਤਾਂ ਉਹ ਉਨ੍ਹਾਂ ਦਾ ਘਾਣ ਬਚਾ ਪੀੜ ਦਿੰਦੇ ਹਨ ਅਤੇ ਜੇਕਰ ਫਿਰਦਿਆਂ ਫਿਰਾਉਂਦਿਆਂ ਸੁਰੱਖਿਆ ਬਲਾਂ ਦੀਆਂ ਗਸ਼ਤੀ ਟੋਲੀਆਂ ਨੂੰ ਕਿਸੇ ਬਹਿਕ ’ਤੇ ਅਜਿਹੇ ਅਨਸਰਾਂ ਦੀ ਮੌਜੂਦਗੀ ਦੀ ਭਿਣਕ ਪੈ ਜਾਂਦੀ ਹੈ ਤਾਂ ਫਿਰ ਪੁਲੀਸ ਵਾਲੇ ਉਨ੍ਹਾਂ ਦੀ ਸ਼ਾਮਤ ਲਿਆ ਦਿੰਦੇ ਹਨ।

ਉਨ੍ਹਾਂ ਇਸ ਸਬੰਧ ਵਿਚ ਬਟਾਲਾ ਦੇ ਨਜ਼ਦੀਕ ਤਲਵੰਡੀ ਲਾਲ ਸਿੰਘ ਕਸਬੇ ਵਿਖੇ ਸੰਤੋਖ ਸਿੰਘ ਦੀ ਬਹਿਕ ’ਤੇ ਕੁਝ ਦਿਨ ਪਹਿਲਾਂ ਵਾਪਰੀ ਇਕ ਵਾਰਦਾਤ ਦਾ ਹਵਾਲਾ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਘਟਨਾ ਵਾਲੇ ਦਿਨ ਸਵੇਰੇ ਤੜਕੇ ਕੋਈ ਭਗੌੜਾ ਅਤਿਵਾਦੀ ਪੁਲੀਸ ਦੀ ਗਸ਼ਤੀ ਟੁਕੜੀ ਦੇ ਅੱਗੇ ਲੱਗ ਕੇ ਸੰਤੋਖ ਸਿੰਘ ਹੋਰਾਂ ਦੀ ਬਹਿਕ ’ਤੇ ਆ ਵੜਿਆ। ਅਤਿਵਾਦੀ ਨੇ ਘਰ ’ਚ ਦਾਖਲ ਹੋ ਕੇ ਇਕ ਕਮਰੇ ਅੰਦਰੋਂ ਪੁਜ਼ੀਸ਼ਨ ਲੈ ਕੇ ਸੁਰੱਖਿਆ ਬਲਾਂ ਦੇ ਇਕ ਹਵਾਲਦਾਰ ਨੂੰ ਆਪਣਾ ਨਿਸ਼ਾਨਾ ਬਣਾਂ ਦਿੱਤਾ ਅਤੇ ਨਤੀਜੇ ਵਜੋਂ ਮਚੀ ਹਫੜਾ-ਦਫੜੀ ਦਾ ਲਾਭ ਉਠਾ ਕੇ ਦੌੜ ਗਿਆ। ਹੁਣ ਘਰ ਵਾਲਿਆਂ ਲਈ ਜੋ ਸਿਰਦਰਦੀ ਖੜ੍ਹੀ ਹੋਈ ਹੈ — ਉਸ ਦਾ ਨਿਪਟਾਰਾ ਕਦੋਂ ਅਤੇ ਕਿਸ ਤਰ੍ਹਾਂ ਹੋਵੇਗਾ ਇਹ ਕੌਣ ਜਾਣਦਾ ਹੈ?

“ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ”

## ਵਿਲੀਅਮਜ਼ਲੇਕ ਵਿਚ ਰਾਜਗੁਰੂ, ਭਗਤ ਸਿੰਘ ਤੇ ਸੁਖਦੇਵ

## ਸ਼ਹੀਦੀ ਦਿਵਸ



ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਵਿਲੀਅਮਜ਼ਲੇਕ ਬਰਾਂਚ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰਾਜਗੁਰੂ, ਭਗਤ ਸਿੰਘ ਤੇ ਸੁਖਦੇਵ ਦਾ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ ਜਿਸ ਵਿਚ ਐਸੋਸੀਏਸ਼ਨ ਦੇ ਬੁਲਾਰਿਆਂ ਨਾਲ ਲੇਬਰ ਕੌਂਸਲ ਅਤੇ ਅਮਨ ਕਮੇਟੀ ਦੇ ਬੁਲਾਰੇ ਵੀ ਸ਼ਾਮਲ ਹੋਣਗੇ। ਦੇਸ਼ ਭਗਤ ਕਾ: ਜਰਨੈਲ ਸਿੰਘ ਭੂੰਗਰਨੀ ਤਕਰੀਰ ਕਰਨਗੇ।

ਪ੍ਰਸਿਧ ਗਾਇਕ ਹਰਭਜਨ ਮਾਨ ਐਂਡ ਪਾਰਟੀ ਵੀ ਸਮਾਗਮ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਨਗੇ। ਗੀਤ, ਸੰਗੀਤ ਹੋਵੇਗਾ।

**ਇਹ ਸਮਾਗਮ 26 ਮਾਰਚ, 1988 ਦਿਨ ਸ਼ਨਿਚਰਵਾਰ ਨੂੰ 2 ਵਜੇ ਐਨਕਸ ਹਾਲ ਵਿਚ ਹੋਵੇਗਾ**

ਵਿਲੀਅਮਜ਼ਲੇਕ ਵਿਚ ਹੋਰ ਜਾਣਕਾਰੀ ਇਨ੍ਹਾਂ ਸੱਜਣਾਂ ਤੋਂ ਲਈ ਜਾ ਸਕਦੀ ਹੈ:
ਰਣਜੀਤ ਸੰਧੂ, ਅਮਰਜੀਤ ਸੰਘੇੜਾ, ਅਮਰੀਕ ਖੈਰਾ, ਤਰਸੇਮ ਭੰਡਾਲ।

## ਕੇਂਦਰ ਕੋਲ ਰੋਸ

ਚੰਡੀਗੜ੍ਹ — ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਹਰਿਆਣਾ ਦੇ ਨਵੇਂ ਗਵਰਨਰ ਦੀ ਨਿਯੁਕਤੀ ਦੇ ਢੰਗ ਤਰੀਕੇ ਵਿਰੁੱਧ ਕੇਂਦਰ ਕੋਲ ਸਖਤ ਰੋਸ ਪ੍ਰਗਟ ਕੀਤਾ ਹੈ। ਵਰਨਣਯੋਗ ਹੈ ਕਿ 14 ਫਰਵਰੀ ਨੂੰ ਕੇਂਦਰ ਨੇ ਹਰਿਆਣਾ ਦੇ ਨਵੇਂ ਗਵਰਨਰ ਭਾਰਤੀ ਖੁਫੀਆ ਏਜੰਸੀ ਦੇ ਸਾਬਕਾ ਮੁਖੀ ਐਚ. ਐਨ. ਬਰਾੜੀ ਨੂੰ ਨਿਯੁਕਤ ਕੀਤਾ ਹੈ।

ਚੌਧਰੀ ਦੇਵੀ ਲਾਲ ਨੇ ਇਥੇ ਇਕ ਗੈਰਰਸਮੀ ਮੁਲਾਕਾਤ ਵਿਚ ਦੱਸਿਆ ਕਿ ਕੇਂਦਰ ਨੇ ਨਵੇਂ ਗਵਰਨਰ ਦੀ ਨਿਯੁਕਤੀ ਸਮੇਂ ਉਨ੍ਹਾਂ ਨਾਲ ਗੱਲ ਵੀ ਨਹੀਂ ਕੀਤੀ। ਕੇਂਦਰ ਵਲੋਂ ਇਸ ਤਰ੍ਹਾਂ ਆਪਣੀ ਮਰਜ਼ੀ ਨਾਲ ਗਵਰਨਰ ਥਾਪਣਾ ਮਾੜੀ ਪਰੰਪਰਾ ਹੈ। ਉਹ ਬੇਸ਼ੱਕ ਨਵੇਂ ਗਵਰਨਰ ਦੇ ਜਾਤੀ ਤੌਰ ’ਤੇ ਵਿਰੁੱਧ ਨਹੀਂ ਹਨ ਪ੍ਰੰਤੂ ਇਹ ਪ੍ਰੰਪਰਾ ਗਲਤ ਹੈ। ਉਹ ਗੁਹਾਟੀ ਵਿਚ 8 ਤੋਂ 10 ਅਪਰੈਲ ਤਕ ਗੈਰ ਕਾਂਗਰਸ (ਇੰ) ਮੁੱਖ ਮੰਤਰੀਆਂ ਦੀ ਮੀਟਿੰਗ ਵਿਚ ਵੀ ਗਵਰਨਰ ਦੀ ਨਿਯੁਕਤੀ ਦਾ ਮਾਮਲਾ ਉਠਾਉਣਗੇ।

**ਬੰਬੇ ਸਵੀਟਸ ਮੈਨੂਫੈਕਚਰਰ ਇਨਕ**
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
**BOMBAY SWEETS MANUFACTURER INC.**
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

**DASHMESH Cloth House**

ਰੈਗੂਲਰ ~~$10.00~~ ਹੁਣ $4.99
ਪਲੇਨ ਸੂਟ ਰੈਗੂਲਰ ~~$16.00~~ ਹੁਣ $7.99

ਇਕ ਹੋਰ ਸਪੈਸ਼ਲ ਸਪੈਸ਼ਲ

ਵੰਨ-ਸਵੰਨੇ, ਰੰਗ-ਬਰੰਗੇ ਤੇ ਮੌਡਰਨ ਡੀਜ਼ਾਈਨਾਂ ਦੇ ਕੱਪੜੇ ਲੈਣ ਲਈ ਹਮੇਸ਼ਾਂ ਹੀ ਦਸਮੇਸ਼ ਕਲਾਥ ਹਾਊਸ ਤੇ ਪਹੁੰਚੋ।
ਵਿਆਹ-ਸ਼ਾਦੀਆਂ, ਦਾਜ ਵਰੀ ਤੇ ਹੋਰ ਸਪੈਸ਼ਲ ਮੌਕਿਆਂ ’ਤੇ ਕੱਪੜੇ ਖ੍ਰੀਦਣ ਲਈ ਖਾਸ ਰਿਆਇਤ



**ਦਸਮੇਸ਼ ਕਲਾਥ ਹਾਊਸ** 853 - 7760
A-2518 Clearbrook Rd., Clearbrook, B.C. V2T 2Y2

SERVING YOU SINCE 1980

*MUSIC IS LIFE*

# MANN MUSIC VIDEO & PHOTO STUDIO

6512 MAIN ST., VANCOUVER, B.C.

PH. (604) 321-6667

## ਗਾਣਿਆਂ ਤੇ ਵੀਡੀਓ ਦਾ ਭੰਡਾਰ

ਪੰਜਾਬੀ ਗੀਤ, ਗ਼ਜ਼ਲਾਂ ਤੇ ਧਾਰਮਿਕ ਟੇਪਾਂ ਦਾ ਭੰਡਾਰ
ਨਵੀਆਂ ਤੇ ਪੁਰਾਣੀਆਂ ਮੂਵੀਆਂ ਦੇ ਵਧੀਆ ਪ੍ਰਿੰਟ

ਪਾਸਪੋਰਟ, ਵੀਜ਼ਾ, ਸਿਟੀਜ਼ਨ ਲਈ ਫ਼ੋਟੋ
**ਪੰਜ ਮਿੰਟ ਦੀ ਸਰਵਿਸ**

ਸ਼ਾਦੀਆਂ ਤੇ ਹੋਰ ਖ਼ੁਸ਼ੀ ਦੇ ਮੌਕਿਆਂ ਲਈ ਅਸੀਂ ਵੀਡੀਓ
ਬਣਾਉਂਦੇ ਹਾਂ — ਸਪੈਸ਼ਲ ਰੇਟ
ਪ੍ਰੋਫੈਸ਼ਨਲ ਸਰਵਿਸ

ਹਰ ਕਿਸਮ ਦੀਆਂ ਕਿਤਾਬਾਂ — ਨਾਵਲ, ਕਹਾਣੀਆਂ — ਅੰਗਰੇਜ਼ੀ-
ਪੰਜਾਬੀ ਡਿਕਸ਼ਨਰੀਆਂ, ਧਾਰਮਿਕ ਪੁਸਤਕਾਂ, ਗੁਟਕੇ

ਗੁਰੂ ਮਹਾਰਾਜ ਦੇ ਸਰੂਪ, ਕੰਘੇ, ਕੜੇ, ਹਾਰ, ਕਲੀਰੇ, ਸੇਹਰੇ, ਕਲਗੀਆਂ



## ਸੰਗੀਤ ਦੇ ਸਾਜ਼ —

ਸਿਤਾਰ, ਸਾਰੰਗੀ, ਤਬਲਾ, ਢੋਲਕ, ਭੰਗੜੇ ਲਈ ਢੋਲ,
ਘੁੰਗਰੂ, ਚਿਮਟਾ, ਤੂੰਬੀਆਂ —
ਵਧੀਆ ਕੁਆਲਟੀ





ਤੁਸੀਂ ਹਰ ਆਈਟਮ ਮੇਲ ਆਰਡਰ ਰਾਹੀਂ ਮੰਗਵਾ ਸਕਦੇ ਹੋ

**ਖ਼ੁਸ਼ਖਬਰੀ! ਖ਼ੁਸ਼ਖਬਰੀ!**

## ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਦੇ ਸਮੇਂ ਵਿਚ ਵਾਧਾ

ਹਰ ਸ਼ਨਿਚਰਵਾਰ 5 ਵਜੇ ਤੋਂ 8.30 ਵਜੇ ਤੱਕ ਸ਼ਾਮ
ਰੇਡੀਓ **1470 AM or 103 FM (Cable Only)**
7.30 ਤੋਂ 8.30 ਵਜੇ ਸ਼ਾਮ — ਸਪੈਸ਼ਲ ਗ਼ਜ਼ਲ ਪ੍ਰੋਗਰਾਮ

**"ਮਹਿਫਲੇ-ਗ਼ਜ਼ਲ"**

# ‘ਸਮਤਾ’ ਦੇ ਸੰਪਾਦਕ ਦੀ ਪੰਜਾਬ ਬਾਰੇ ਪੁਜ਼ੀਸ਼ਨ ਤਿੱਖੇ ਵਿਵਾਦ ਦਾ ਵਿਸ਼ਾ ਬਣੀ

ਅਹਿਮਦਗੜ੍ਹ — ਪ੍ਰਸਿਧ ਨਾਟਕਕਾਰ ਸ. ਗੁਰਸ਼ਰਨ ਸਿੰਘ ਵਲੋਂ ਪੰਜਾਬ ਮਸਲੇ ਬਾਰੇ ਅਖਤਿਆਰ ਕੀਤੀਆਂ ਗਈਆਂ ਸੱਜਰੀਆਂ ਪੁਜ਼ੀਸ਼ਨਾਂ ਪੰਜਾਬ ਭਰ ਦੇ ਬੇਸਿਕ ਅਤੇ ਸਿਆਸੀ ਹਲਕਿਆਂ ਅੰਦਰ ਵਿਸ਼ੇਸ਼ ਦਿਲਚਸਪੀ ਦਾ ਵਿਸ਼ਾ ਬਣ ਗਈਆਂ ਹਨ। ਗੁਰਸ਼ਰਨ ਸਿੰਘ ਦੇ ਖੱਬੇ-ਪੱਖੀ ਨੌਜਵਾਨਾਂ ਅੰਦਰ ਵਿਸ਼ੇਸ਼ ਪ੍ਰਭਾਵ ਨੂੰ ਦੇਖਦਿਆਂ ਹੋਇਆਂ ਪੰਜਾਬ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਇਕ ਵੱਡੇ ਇਨਾਮ ਦੀ ਪੇਸ਼ਕਸ਼ ਨਾਲ ਉਸ ਨੂੰ “ਪਲੋਸਣ ਦਾ ਯਤਨ” ਕੀਤਾ ਸੀ ਪਰ ਗੁਰਸ਼ਰਨ ਸਿੰਘ ਨੇ ਨਾ ਸਿਰਫ ਉਸ ਇਨਾਮ ਨੂੰ ਹੀ ਠੁਕਰਾ ਦਿੱਤਾ ਸਗੋਂ ਆਪਣੇ ਪਰਚੇ “ਸਮਤਾ” ਦੇ ਫਰਵਰੀ ਅੰਕ ਵਿਚ ਅਜਿਹੇ ਸਿਆਸੀ-ਸਿਧਾਂਤਕ ਨੁਕਤੇ ਉਭਾਰ ਦਿੱਤੇ ਹਨ ਜੋ ਨਾ ਸਿਰਫ ਸਰਕਾਰ ਲਈ ਹੀ ਸਗੋਂ ਖੱਬੀਆਂ ਧਿਰਾਂ ਲਈ ਵੀ ਬੇਹੱਦ ਨਿਰਾਸ਼ਾ ਅਤੇ ਸਿਰਦਰਦੀ ਦਾ ਕਾਰਨ ਬਣ ਰਹੇ ਹਨ।

ਦੇਸ਼ ਅੰਦਰਲੇ ਫਿਰਕੂ ਫਸਾਦਾਂ ਦੀ ਗੱਲ ਕਰਦਿਆਂ ਗੁਰਸ਼ਰਨ ਸਿੰਘ ਨੇ ਖੱਬੀ ਧਿਰ ਦੇ ਉਸ ਰਵਾਇਤੀ ਨਿਰਣੇ ਨੂੰ ਰੱਦ ਕਰ ਦਿੱਤਾ ਹੈ ਜੋ ਭਾਰਤੀ ਸਟੇਟ ਨੂੰ ਸੈਕੂਲਰ ਜਾਂ ਸਰਵ-ਧਰਮੀ ਕਰਾਰ ਦਿੰਦਾ ਆ ਰਿਹਾ ਸੀ। ਗੁਰਸ਼ਰਨ ਸਿੰਘ ਦਾ ਕਹਿਣਾ ਹੈ ਕਿ ਭਾਵੇਂ ਪਹਿਲਾਂ ਵੀ ਦੋ ਫਿਰਕਿਆਂ ਦਰਮਿਆਨ ਦੰਗੇ ਹੁੰਦੇ ਤਾਂ ਹਾਕਮ ਜਮਾਤਾਂ ਦੀਆਂ ਭਰਾ-ਮਾਰੂ ਨੀਤੀਆਂ ਕਾਰਨ ਹੀ ਸਨ ਪਰ ਸਟੇਟ ਜ਼ਾਹਰਾ ਤੌਰ ’ਤੇ ਉਨ੍ਹਾਂ ਵਿਚ ਸ਼ਾਮਲ ਨਹੀਂ ਹੁੰਦੀ ਸੀ। ਹੁਣ ਸਟੇਟ ਨੰਗੇ ਚਿੱਟੇ ਰੂਪ ਵਿਚ ਘੱਟ ਗਿਣਤੀ ਫਿਰਕਿਆਂ ਦੇ ਵਿਰੁਧ ਭੁਗਤ ਰਹੀ ਹੈ। ਪਹਿਲਾਂ ਦਿੱਲੀ ਵਿਚ ਸਿਖਾਂ ਉਪਰ, ਫਿਰ ਮੇਰਠ ਅਤੇ ਹੋਰ ਥਾਵਾਂ ’ਤੇ ਮੁਸਲਮਾਨਾਂ ਉਪਰ ਅਤੇ ਅੱਜ ਕੱਲ੍ਹ ਪੰਜਾਬ ਵਿਚ ਵੱਡੀ ਗਿਣਤੀ ਵਿਚ ਸਿਖ ਨੌਜਵਾਨਾਂ ਉਪਰ ਘੋਰ ਜ਼ੁਲਮ ਲਈ ਰਾਜੀਵ ਗਾਂਧੀ ਸਿਧਾ ਜ਼ਿਮੇਂਵਾਰ ਹੈ।

ਪੰਜਾਬ ਬਾਰੇ ਠੋਸ ਰੂਪ ’ਚ ਗੱਲ ਕਰਦਿਆਂ ਗੁਰਸ਼ਰਨ ਸਿੰਘ ਨੇ ਉਸ ਖੱਬੇ-ਪੱਖੀ ਵਿਚਾਰ ਨੂੰ ਵੀ ਰੱਦ ਕਰ ਦਿੱਤਾ ਹੈ ਜੋ ਪੰਜਾਬ ਦੀ ਮੌਜੂਦਾ ਸਥਿਤੀ ਲਈ ਹਕੂਮਤੀ ਦਹਿਸ਼ਤਗਰਦੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਇਕੋ ਜਿਹਾ ਦੋਸ਼ੀ ਠਹਿਰਾ ਰਿਹਾ ਹੈ। ਗੁਰਸ਼ਰਨ ਸਿੰਘ ਦਾ ਕਹਿਣਾ ਹੈ ਕਿ “ਪੰਜਾਬ ਅੰਦਰਲੀ ਕਤਲੋਗਾਰਤ ਸੌ ਫੀਸਦੀ ਭਾਰਤੀ ਸਟੇਟ ਦੀ ਦੇਣ ਹੈ। ਹਕੂਮਤੀ ਦਹਿਸ਼ਤਗਰਦੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਇਕੋ ਪੱਧਰ ’ਤੇ ਨਹੀਂ ਲਿਆ ਜਾ ਸਕਦਾ। ਹਕੂਮਤੀ ਦਹਿਸ਼ਤਗਰਦੀ ਭਾਰਤੀ ਸਟੇਟ ਦਾ ਇਕ ਅਟੁੱਟ ਅੰਗ ਹੈ ਜਦੋਂ ਕਿ ਖਾਲਿਸਤਾਨੀ ਦਹਿਸ਼ਤਗਰਦੀ ਸਟੇਟ ਦੇ ਇਸ ਅਮਲ ਦਾ ਹੀ ਪ੍ਰਤੀਕਰਮ ਹੈ ਭਾਵੇਂ ਇਹ ਪ੍ਰਤੀਕਰਮ ਸੌ ਫੀਸਦੀ ਗਲਤ ਕਿਹਾ ਜਾ ਸਕਦਾ ਹੈ।”

ਖਾਲਿਸਤਾਨੀਆਂ ਬਾਰੇ ਆਪਣੀ ਪਹੁੰਚ ਨੂੰ ਸਪਸ਼ਟ ਕਰਦਿਆਂ ਗੁਰਸ਼ਰਨ ਸਿੰਘ ਨੇ ਲਿਖਿਆ ਹੈ, “ਖਾਲਿਸਤਾਨੀ ਦਹਿਸ਼ਤਗਰਦਾਂ ਦੇ ਖਿਲਾਫ ਲੋਕਰਾਏ ਲਾਮਬੰਦ ਹੋਣੀ ਚਾਹੀਦੀ ਹੈ ਪਰ ਉਨ੍ਹਾਂ ਦੇ ਵਿਰੁਧ ਕੋਈ ਸਿੱਧਾ ਸੰਘਰਸ਼ ਕਰਨਾ ਬਣਦਾ ਨਹੀਂ। ਸਿੱਧਾ ਸੰਘਰਸ਼ ਸਟੇਟ ਦੇ ਵਿਰੁਧ ਹੀ ਲਾਮਬੰਦ ਹੋਣਾ ਚਾਹੀਦਾ ਹੈ। ਲੋਕਰਾਏ ਲਾਮਬੰਦ ਕਰਨਾ ਇਕ ਅਮਲ ਹੈ, ਸੰਘਰਸ਼ ਲਾਮਬੰਦ ਕਰਨਾ ਦੂਜਾ ਅਮਲ ਹੈ। ਵਿਰੋਧ ਅਤੇ ਸੰਘਰਸ਼ ਦਾ ਫਰਕ ਸਮਝਣਾ ਬਹੁਤ ਜ਼ਰੂਰੀ ਹੈ।”

ਗੁਰਸ਼ਰਨ ਸਿੰਘ ਦੇ ਇਨ੍ਹਾਂ ਵਿਚਾਰਾਂ ਨਾਲ ਖੱਬੇ-ਪੱਖੀਆਂ ਦਰਮਿਆਨ ਪੰਜਾਬ ਮਸਲੇ ਨੂੰ ਲੈ ਕੇ ਇਕ ਵਾਰ ਮੁੜ ਬਹਿਸ-ਭੇੜ ਤਿੱਖੇ ਹੋ ਜਾਣ ਦੀ ਸੰਭਾਵਨਾ ਹੈ। ਜਿਥੇ ਸੀ ਪੀ ਆਈ, ਸੀ ਪੀ ਐਮ, ਸੁਰਖ ਰੇਖਾ ਅਤੇ ਨਾਗੀ ਰੈਡੀ ਗਰੁਪ ਵਲੋਂ ਇਨ੍ਹਾਂ ਵਿਚਾਰਾਂ ਦਾ ਤਿੱਖਾ ਵਿਰੋਧ ਹੋ ਰਿਹਾ ਹੈ ਅਤੇ ਗੁਰਸ਼ਰਨ ਸਿੰਘ ਦੇ ਆਪਣੇ ਗਰੁਪ ‘ਇਨਕਲਾਬੀ ਕੇਂਦਰ’ ਅੰਦਰ ਵੀ ਇਨ੍ਹਾਂ ਵਿਚਾਰਾਂ ਦਾ ਬੁਰਾ ਮਨਾਇਆ ਜਾ ਰਿਹਾ ਹੈ ਉਥੇ ਸਥਾਪਤੀ ਵਿਰੋਧੀ ਤਾਕਤਾਂ ਇਨ੍ਹਾਂ ਨੂੰ ‘ਦੇਰ ਆਏ ਦਰੁੱਸਤ ਆਏ’ ਕਹਿ ਰਹੀਆਂ ਹਨ।

# ਖ਼ੁਫ਼ੀਆ ਰੀਪੋਰਟਾਂ ’ਚ ਗੁਰਜੰਟ ਸਿੰਘ ਨੂੰ ਨਵਾਂ ਆਗੂ ਕਿਹਾ ਗਿਆ

ਫਿਰੋਜ਼ਪੁਰ — ਪੰਜਾਬ ਵਿਚ ਹਿੰਸਕ ਘਟਨਾਵਾਂ ਵਿਚ ਰੁੱਝੇ ਦਹਿਸ਼ਤਪਸੰਦਾਂ ਦੇ ਗਰੁੱਪਾਂ ਦੀ ਅਕਤੂਬਰ ਤੇ ਨਵੰਬਰ ਮਹੀਨਿਆਂ ਦੌਰਾਨ ਜੋੜ-ਤੋੜ ਤੇ ਨਵੀਂ ਸਫਬੰਦੀ ਹੋਈ। ਖੁਫੀਆ ਰਿਪੋਰਟਾਂ ਅਨੁਸਾਰ ਦਹਿਸ਼ਤਪਸੰਦਾਨਾ ਟੋਲਿਆਂ ਦੇ ਮੁਖੀਆਂ ਦੀ ਸਰਹੱਦ ਪਾਰ ਮੀਟਿੰਗ ਹੋਈ ਜਿਸ ਵਿਚ ਗਰੁੱਪਾਂ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਰਾਸ਼ਟਰਪਤੀ ਰਾਜ ਲਾਗੂ ਹੋਣ ਮਗਰੋਂ ਦਹਿਸ਼ਤਪਸੰਦਾਂ ਉਤੇ ਪੁਲਿਸ ਤੇ ਸੁਰੱਖਿਆ ਦਲਾਂ ਦੇ ਵਧੇ ਦਬਾਅ ਕਾਰਨ ਕੀਤੀ ਗਈ।

ਖੁਫੀਆ ਸੂਤਰਾਂ ਅਨੁਸਾਰ ਉਕਤ ਮੀਟਿੰਗ ਦੌਰਾਨ ਹੀ ਦਹਿਸ਼ਤਪਸੰਦਾਂ ਨੇ ਆਪਣੀ ਨਵੀਂ ਨੀਤੀ ਤੈਅ ਕੀਤੀ ਜਿਸ ਅਧੀਨ ਸਭ ਤੋਂ ਪਹਿਲਾਂ ਪੁਲੀਸ ਤੇ ਸੁਰੱਖਿਆ ਦਲਾਂ ਦੇ ਮੁਲਾਜ਼ਮਾਂ ਨੂੰ ਮਾਰਨ, ਬੇਗੁਨਾਹਾਂ ਦੀਆਂ ਹੱਤਿਆਵਾਂ ਬੰਦ ਕਰਨ ਅਤੇ ਅਧਿਆਪਕ ਆਦਿ ਵਰਗੇ ਚੇਤਨ ਵਰਗਾਂ ਦਾ ਖਾਤਮਾ ਕਰਨ ਦਾ ਫੈਸਲਾ ਕੀਤਾ। ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਇਸੇ ਨੀਤੀ ਸਦਕਾ ਦਸੰਬਰ ਤੇ ਜਨਵਰੀ ਮਹੀਨਿਆਂ ਦੌਰਾਨ ਦਹਿਸ਼ਤਪਸੰਦਾਂ ਨੇ ਪੁਲੀਸ ਮੁਲਾਜ਼ਮਾਂ ਤੇ ਨੀਮ ਫੌਜੀ ਦਲਾਂ ਦੀਆਂ ਚੌਕੀਆਂ ’ਤੇ ਹਮਲੇ ਕੀਤੇ। ਦਸੰਬਰ ਮਹੀਨੇ ਪਟਿਆਲਾ ਵਿਚ ਸੀਨੀਅਰ ਪੁਲੀਸ ਕਪਤਾਨ ਤੇ ਇਕ ਪੁਲਸ ਕਪਤਾਨ ਦੀਆਂ ਹੱਤਿਆਵਾਂ ਪੁਲੀਸ ਉਤੇ ਇਕ ਵੱਡਾ ਹਮਲਾ ਸੀ। ਬਾਅਦ ਵਿਚ ਬਠਿੰਡਾ ਦੇ ਗੁਰੂ ਨਾਨਕ ਥਰਮਲ ਪਲਾਂਟ ਵਿਚ ਇਕ ਡੀ ਐਸ ਪੀ ਦੀ ਹੱਤਿਆ ਕਰ ਦਿੱਤੀ ਗਈ ਅਤੇ ਰਾਮਪੁਰਾਫੂਲ ਦੇ ਥਾਣੇ ਦੇ ਬਾਹਰ ਪੁਲੀਸ ਮੁਲਾਜ਼ਮਾਂ ’ਤੇ ਹਮਲਾ ਕੀਤਾ ਗਿਆ।

ਫਿਰੋਜ਼ਪੁਰ ਰੇਂਜ ਦੇ ਡੀ ਆਈ ਜੀ ਸ੍ਰੀ ਸਰਬਜੀਤ ਸਿੰਘ ਨੇ ਦੱਸਿਆ ਕਿ ਦਹਿਸ਼ਤਪਸੰਦਾਂ ਨੇ ਫਿਰੋਜ਼ਪੁਰ ਜ਼ਿਲੇ ਵਿਚ ਵੀ ਉਕਤ ਨੀਤੀ ’ਤੇ ਅਮਲ ਕੀਤਾ ਅਤੇ ਸੀ ਆਰ ਪੀ ਦੀ ਇਕ ਟੁਕੜੀ ਦੇ ਦੋ ਮੈਂਬਰਾਂ ਨੂੰ ਮਾਰ ਦਿੱਤਾ। ਬਾਅਦ ਵਿਚ ਪੁਲੀਸ ਨਾਲ ਮੁਕਾਬਲੇ ਵਿਚ ਦੋ ਦਹਿਸ਼ਤਗਰਦ ਮਾਰੇ ਗਏ।

**ਸਰਗਰਮ ਗਰੁੱਪ :** ਸਰਬਜੀਤ ਸਿੰਘ ਦੇ ਦੱਸਣ ਅਨੁਸਾਰ ਪਿਛਲੇ ਤਿੰਨ ਮਹੀਨਿਆਂ ਦੌਰਾਨ “ਖਾਲਿਸਤਾਨ ਲਿਬਰੇਸ਼ਨ ਫੋਰਸ” ਦਹਿਸ਼ਤਪਸੰਦਾਂ ਦਾ ਸਭ ਤੋਂ ਸਰਗਰਮ ਗਰੁੱਪ ਰਿਹਾ। ਇਸ ਗਰੁੱਪ ਦੇ ਆਆਗੂ ਅਵਤਾਰ ਸਿੰਘ ਬ੍ਰਹਮਾ ਤੇ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਹਨ ਉਨ੍ਹਾਂ ਕਿਹਾ ਕਿ ਬਠਿੰਡਾ — ਸੰਗਰੂਰ - ਪਟਿਆਲਾ ਪੱਟੀ ਪੰਜਾਬ ਦੀ ਸਭ ਤੋਂ ਸ਼ਾਂਤਮਈ ਪੱਟੀ ਰਹੀ ਹੈ ਪਰ ਦਹਿਸ਼ਤਪਸੰਦਾਂ ਨੇ ਇਸ ਪੱਟੀ ਦਾ ਅਮਨ ਭੰਗ ਕਰਨ ਦੇ ਇਰਾਦੇ ਨਾਲ ਬਰਨਾਲਾ ਵਿਚ ਦਸ ਵਿਅਕਤੀਆਂ ਦੀ ਹੱਤਿਆ ਕੀਤੀ। ਇਸ ਪੱਟੀ ਵਿਚ ਗੁਰਜੰਟ ਸਿੰਘ ਦਾ ਗਰੋਹ ਸਭ ਤੋਂ ਵੱਧ ਸਰਗਰਮ ਹੈ ਅਤੇ ਗੁਰਜੰਟ ਸਿੰਘ ਆਜ਼ਾਦਾਨਾ ਤੌਰ ’ਤੇ ਇਸ ਦਾ ਨੇਤਾ ਹੈ।

# ਦੇਸ਼ ਵਿਚ ਸਿੱਖਾਂ ਨੂੰ ਅਪੀਲ ਤੇ ਦਲੀਲ ਦੀ ਸਹੂਲਤ ਹਾਸਲ ਨਹੀਂ — ਬਾਦਲ

ਦੋਰਾਹਾ — ਸੰਯੁਕਤ ਅਕਾਲੀ ਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ’ਤੇ ਦੋਸ਼ ਲਾਇਆ ਹੈ ਕਿ ਜਿੰਨਾ ਚਿਰ ਉਹ ਸਿਖਾਂ ’ਤੇ ਚਲਾਏ ਜ਼ੁਲਮੋਂ-ਤਸ਼ੱਦਦ ਦੇ ਚੱਕਰ ਨੂੰ ਬੰਦ ਨਹੀਂ ਕਰਦੀ ਉਨਾ ਚਿਰ ਤਕ ਪੰਜਾਬ ਵਿਚ ਅਮਨ ਚੈਨ ਨਹੀਂ ਹੋ ਸਕਦਾ। ਪੰਜਾਬ ਦੇ ਹਾਲਾਤ ਵਿਗਾੜਨ ਲਈ ਕੇਂਦਰ ਪੂਰੀ ਤਰ੍ਹਾਂ ਜ਼ਿਮੇਂਵਾਰ ਹੈ। ਇਹ ਗੱਲ ਉਨ੍ਹਾਂ ਇਥੋਂ ਦਸ ਕਿਲੋਮੀਟਰ ਦੂਰ ਕਸਬਾ ਪਾਇਲ ਵਿਚ ਹੋਈ ਅਕਾਲੀ ਦਲ ਵਰਕਰਾਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਇਹ ਕਿੰਨੀ ਦੁਖਦਾਈ ਗੱਲ ਹੈ ਕਿ 1984 ਦੇ ਦਿੱਲੀ ਦੰਗਿਆਂ ਦੇ ਅਸਲ ਦੋਸ਼ੀ ਕੇਂਦਰ ਸਰਕਾਰ ਵਿਚ ਉਚ ਅਹੁਦਿਆਂ ’ਤੇ ਹਨ ਅਤੇ ਬੇਦੋਸ਼ੇ ਸੈਂਕੜੇ ਨੌਜਵਾਨ ਤੇ ਅਕਾਲੀ ਲੀਡਰ ਜੇਲ੍ਹਾਂ ਵਿਚ ਪਿਛਲੇ ਚਾਰ ਸਾਲਾਂ ਤੋਂ ਬੰਦ ਹਨ ਜਿਨ੍ਹਾਂ ਵਿਰੁਧ ਕੋਈ ਮੁਕੱਦਮਾ ਵੀ ਦਰਜ ਨਹੀਂ ਹੈ। ਦੇਸ਼ ਵਿਚ ਸਿੱਖਾਂ ਨੂੰ ਅਪੀਲ, ਵਕੀਲ ਤੇ ਦਲੀਲ ਦੀ ਵੀ ਸਹੂਲਤ [illegible] ਨਹੀਂ ਜਿਸ ਕਾਰਨ ਕੇਂਦਰ ਦੀ ਸਿੱਖਾਂ ਵਿਚ ਸਾਖ ਉਕਾ ਖਤਮ ਹੋ ਗਈ ਹੈ। ਬਾਅਦ ਵਿਚ ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਸਾਬਕਾ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੇ ਇਸ ਬਿਆਨ ਨੂੰ ਝੁਠਲਾਇਆ ਕਿ ਬਰਨਾਲਾ ਸਰਕਾਰ ਉਨ੍ਹਾਂ (ਬਾਦਲ ਧੜੇ) ਨੇ ਤੋੜੀ ਹੈ। ਬਾਦਲ ਨੇ ਕਿਹਾ ਕਿ ਕਾਂਗਰਸ ਨੇ ਹੀ ਬਰਨਾਲਾ ਸਰਕਾਰ ਨੂੰ ਹਮਾਇਤ ਦਿੱਤੀ ਸੀ ਤੇ ਉਸ ਨੇ ਹੀ ਬਰਨਾਲਾ ਸਰਕਾਰ ਤੋੜੀ। ਉਨ੍ਹਾਂ ਇਸ ਗੱਲ ਦੀ ਜ਼ੋਰਦਾਰ ਵਿਰੋਧਤਾ ਕੀਤੀ ਕਿ ਉਨ੍ਹਾਂ ਦੇ ਅਕਾਲੀ ਦਲ ਵਿਚ ਵੱਡੀ ਪੱਧਰ ’ਤੇ ਧੜੇਬੰਦੀ ਹੈ।

# ਅਫਗਾਨ ਮਸਲਾ : ਪਾਕਿ ਤੇ ਅਮਰੀਕਾ ਦੁਚਿਤੀ ’ਚ

ਨਿਊਯਾਰਕ — ਅਫਗਾਨ ਮਸਲੇ ਦੇ ਹੱਲ ਬਾਰੇ ਪੱਛਮੀ ਦੇਸ਼ਾਂ ਦੀ ਸਥਿਤੀ ਨੂੰ ਇਕ ਨਵਾਂ ਮੋੜ ਦਿੰਦਿਆਂ ਅਮਰੀਕਾ ਨੇ ਪਾਕਿਸਤਾਨ ਦੀ ਇਸ ਮੰਗ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ ਕਿ ਅਫਗਾਨਿਸਤਾਨ ਵਿਚੋਂ ਸੋਵੀਅਤ ਫੌਜਾਂ ਦੀ ਵਾਪਸੀ ਬਾਰੇ ਕਿਸੇ ਸਮਝੌਤੇ ’ਤੇ ਦਸਖਤ ਕਰਨ ਤੋਂ ਪਹਿਲਾਂ ਉਸ ਮੁਲਕ ਵਿਚ ਅੰਤਰਿਮ ਸਰਕਾਰ ਕਾਇਮ ਕੀਤੀ ਜਾਵੇ। ਅਮਰੀਕੀ ਵਿਦੇਸ਼ ਮੰਤਰੀ ਜਾਰਜ ਸ਼ੁਲਜ ਨੇ ਅਮਰੀਕਾ ਦੇ ਦੌਰੇ ’ਤੇ ਆਏ ਪਾਕਿਸਤਾਨੀ ਵਿਦੇਸ਼ ਰਾਜ ਮੰਤਰੀ ਜੈਨ ਨੂਰਾਨੀ ਨੂੰ ਭਰੋਸਾ ਦਿਵਾਇਆ ਕਿ ਅਫਗਾਨਿਸਤਾਨ ਵਿਚ ਅੰਤਰਿਮ ਕੌਲੀਸ਼ਨ ਸਰਕਾਰ ਦੀ ਸਥਾਪਨਾ ਦੀ ਪਾਕਿਸਤਾਨੀ ਮੰਗ ਨੂੰ ਉਹ ਸੋਵੀਅਤ ਅਧਿਕਾਰੀਆਂ ਤਕ ਪਹੁੰਚਾ ਦੇਣਗੇ।

ਦੋ ਦਿਨ ਪਹਿਲਾਂ ਸੋਵੀਅਤ ਸਰਕਾਰ ਨੇ ਪਾਕਿਸਤਾਨ ’ਤੇ ਦੋਸ਼ ਲਾਇਆ ਸੀ ਕਿ ਉਹ ਅਫਗਾਨਿਸਤਾਨ ਵਿਚ ਲੜਾਈ ਦਾ ਅੰਤ ਕਰਨ ਦੇ ਰਾਹ ਵਿਚ ਅੜਿੱਕੇ ਡਾਹ ਰਿਹਾ ਹੈ। ਸੋਵੀਅਤ ਅਧਿਕਾਰੀਆਂ ਦਾ ਕਹਿਣਾ ਸੀ ਕਿ ਅਫਗਾਨਿਸਤਾਨ ਵਿਚੋਂ ਰੂਸੀ ਫੌਜੀ ਦੀ ਵਾਪਸੀ ਬਾਰੇ ਸਮਝੌਤੇ ਤੋਂ ਪਹਿਲਾਂ ਉਸ ਦੇਸ਼ ਵਿਚ ਅੰਤਰਿਮ ਸਰਕਾਰ ਸਥਾਪਿਤ ਕੀਤੇ ਜਾਣ ਦੀ ਪਾਕਿਸਤਾਨੀ ਮੰਗ ਦਾ ਅਸਲ ਮਕਸਦ ਉਪਰੋਕਤ ਸਮਝੌਤੇ ਨੂੰ ਸਿਰੇ ਨਾ ਚੜ੍ਹਨ ਦੇਣਾ ਹੈ।


BURNABY PROFESSIONAL DRIVING SCHOOL

LEARN TO DRIVE TRUCKS, BUSES & SEMI TRAILERS DEFENSIVELY “AT REASONABLE RATES”



ਟਰੱਕ, ਬੱਸਾਂ ਤੇ ਸੈਮੀ ਟਰੇਲਰ ਚਲਾਉਣੇ ਸਿਖੋ
ਪੰਜਾਬੀ ਤੇ ਹਿੰਦੀ ਵਿਚ ਵੀ ਦੱਸਿਆ ਜਾਂਦਾ ਹੈ




COMPLETE COURSES & HOURLY RENTALS FOR CLASS 1,2,3,4

GOVERNMENT CERTIFIED AIR BRAKE COURSES

ਫੀਸ ਟੈਕਸ ਵਿਚੋਂ ਕੱਟੀ ਜਾ ਸਕਦੀ ਹੈ

ਏਅਰ ਬਰੇਕ ਲਾਇਸੰਸ ਤੇ ਪਹਿਲਾਂ ਲਾਇਸੰਸ ਲੈਣ ਲਈ ਬੋਲੀ ਦੀ ਮੱਦਦ ਵੀ ਕੀਤੀ ਜਾਂਦੀ ਹੈ

ਜੋਗਿੰਦਰਪਾਲ ਹਾਂਸ

LANGUAGE ASSISTANCE FOR LEARNERS & AIR BRAKE LICENSE

5284 STILL CREEK
FEES TAX DEDUCTIBLE

291-2255

BURNABY, B.C. V5C 4E6
DAY, EVENING OR WEEKENDS

PRACTICAL JOB TRAINING & EMPLOYMENT ASSISTANCE





DARSHAN SINGH UPPAL

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

Ph. Off. 590-3231
Res. 594-8758

ਕਿਸੇ ਵੀ ਕਿਸਮ ਦੀ ਜਾਇਦਾਦ ਖ਼ੀਦਣ ਜਾਂ ਵੇਚਣ ਲਈ ਦਰਸ਼ਨ ਸਿੰਘ ਉਪੱਲ ਨੂੰ ਮਿਲੋ ਜਾਂ ਫੋਨ ਕਰੋ :




Lots and New Homes On 128 St. & 66 Ave. Surrey

LAKEVIEW REALTY LTD. DELTA 590-3231

7909 SCOTT RD., DELTA, B.C. V4C 6P6

# SHOP - EASY

## 47th. & Fraser St., Vancouver, B.C.

ਸ਼ੌਪ-ਏਜ਼ੀ ਤੇ ਇਹ

## ਸੇਲ 5 ਮਾਰਚ ਦਿਨ ਸ਼ਨਿਚਰਵਾਰ ਨੂੰ ਸਵੇਰੇ 9 ਵਜੇ ਤੋਂ ਰਾਤ ਦੇ 9 ਵਜੇ ਤੱਕ ਹੋਵੇਗੀ

ਸਵੇਰ ਦੇ 9 ਵਜੇ ਤੋਂ ਰਾਤ ਦੇ 9 ਵਜੇ ਤੱਕ ਚਾਹ-ਪਾਣੀ ਤੇ ਖਾਣ ਪੀਣ ਦੀ ਮੁਫ਼ਤ ਸੇਵਾ ਹੋਵੇਗੀ

ਬੱਚਿਆਂ ਨੂੰ ਮੁਫ਼ਤ ਬਲੂਨ ਦਿੱਤੇ ਜਾਣਗੇ

**ਸ਼ਾਮ ਦੇ 6 ਵਜੇ ਤੋਂ ਰਾਤ ਦੇ 9 ਵਜੇ ਤੱਕ ਕਈ ਸਪੈਸ਼ਲ ਲੱਕੀ ਡਰਾਅ ਵੀ ਕੱਢੇ ਜਾਣਗੇ**

ਸਾਰੇ ਗਾਹਕਾਂ ਨੂੰ ਬੇਨਤੀ ਹੈ ਕਿ ਸੇਲ ਦਾ ਪੂਰਾ ਪੂਰਾ ਫਾਇਦਾ ਉਠਾਓ

**ਇਹ ਸੇਲ ਸਿਰਫ਼ 5 ਮਾਰਚ ਦੇ ਇਕ ਦਿਨ ਲਈ ਹੀ ਹੈ !**

| | | | |
|---|---|---|---|
| Golden Temple Flour<br>ਗੋਲਡਨ ਟੈਂਪਲ ਆਟਾ<br>2x10 kg.<br>9.98 | Nabob Tea Bags<br>ਨਵਾਬ ਚਾਹ<br>120's<br>2.98 | Tang Orange Flavor crystals<br>ਟੈਂਗ ਜੂਸ<br>3x92 gm<br>88¢ | Pacific Milk<br>ਪੈਸੀਫਿਕ ਦੁੱਧ<br>385 ml<br>68¢ |
| Formost Homo Milk<br>ਹੋਮੋ ਦੁੱਧ<br>4 lit.<br>3.28 | Golden Award All Purpose Flour<br>ਮੈਦਾ<br>10 kg.<br>4.48 | California Bulk Almonds<br>ਕੈਲੇਫੋਰਨੀਆ ਬਦਾਮ<br>1 lb.<br>1.98 | Sun-Rype Blue Label Apple Juice<br>ਸਨ-ਰਾਈਪ ਐਪਲ ਜੂਸ<br>1 lit.<br>88¢ |

| | | | | |
|---|---|---|---|---|
| B.C. Sugar<br>ਬੀ. ਸੀ. ਖੰਡ<br>10 kg.<br>5.48 | Palm Butter<br>ਪਾਮ ਬਟਰ<br>454 gm<br>2.38 | Crisco Shortening<br>ਕ੍ਰਿਸਕੋ ਸ਼ਾਰਟਨਿੰਗ<br>3 lit.<br>3.28 | Liberty Veg. Oil<br>ਲਿਬਰਟੀ ਵੈਜੀ. ਤੇਲ<br>3 lit.<br>2.48 | Windsor Salt<br>ਲੂਣ<br>1 kg.<br>78¢ |



ਨਰੇਸ਼ ਸ਼ੁਕਲਾ

# BOMBAY SWEETS MANUFACTURER INC.

6556 - 6560 Main St., VANCOUVER, B.C.

## ਬੰਬੇ ਸਵੀਟਸ ਮੈਨੂਫੈਕਚਰਰ ਇਨਕ

’ਤੇ

## ਇਹ ਸੇਲ ਸ਼ਨਿਚਰਵਾਰ 5 ਮਾਰਚ ਸਵੇਰੇ 9 ਵਜੇ ਤੋਂ ਰਾਤ ਦੇ 9 ਵਜੇ ਤੱਕ ਚੱਲੇਗੀ

ਬੰਬੇ ਸਵੀਟਸ ’ਤੇ ਸਾਰਾ ਦਿਨ ਤੁਹਾਡੀ ਗਰਮ ਗਰਮ ਚਾਹ ਨਾਲ ਮੁਫ਼ਤ ਸੇਵਾ ਕੀਤੀ ਜਾਵੇਗੀ

ਬੱਚਿਆਂ ਨੂੰ ਮੁਫ਼ਤ ਬਲੂਨ ਵੰਡੇ ਜਾਣਗੇ

**ਸਭ ਗਾਹਕਾਂ ਨੂੰ ਬੇਨਤੀ ਹੈ ਕਿ ਇਹ 12 ਘੰਟੇ ਦੀ ਸੇਲ ਦਾ ਫ਼ਾਇਦਾ ਉਠਾਓ**

**Mix Namkeen**
ਮਿਕਸ ਨਮਕੀਨ
Reg. ~~$4.00~~ lb. **1.99**

**2 Veg. Samosa with Chutney**
ਵੈਜੀਟੇਬਲ ਸਮੋਸੇ
(Take out) **99¢**

**Lunch Special** (16 Items)
ਸਪੈਸ਼ਲ ਲੰਚ
**$3.99**

**Dinner Special** (over 21 Items)
ਸਪੈਸ਼ਲ ਡਿਨਰ
**$5.99**

**Ladoo** ਲੱਡੂ
Reg. ~~2.50~~ Now lb. **1.75**

**Jalebi** ਜਲੇਬੀਆਂ
Reg. ~~2.50~~ Now lb. **$1.49**

**Buy 5 lbs. Mixed Sweets - Get 2 lbs. Jalebi FREE**
ਪੰਜ ਪੌਂਡ ਮਿਕਸ ਬਰਫੀ ਖ਼੍ਰੀਦੋ ਤਾਂ ਦੋ ਪੌਂਡ ਜਲੇਬੀਆਂ ਫਰੀ

Ph. (604) 321-1414 Or 874-5722 TOLL FREE PHONE 1-800-663-1070

# The Manitoba Mirror

# ਮੈਨੀਟੋਬਾ ਦਰਪਣ

## BRAR NATURAL FLOUR MILLS

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

**ਫ਼ੋਨ : 204-632-5360**

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ
ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8



ਵੀਡੀਓ ਮੂਵੀਆਂ ਵੀ ਇਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

**ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ**

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**



ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖ਼ਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

953 Notre Dame. Ave. WINNIPEG, MAN. R3E 0M8 **Ph. Bus. 772-3937**

**Res. 633-6567**

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Free End Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.



# ਸਾਹਿਤ ਤੇ ਕਲਾ



ਕਹਾਣੀ

## ਮਿਟੀ ਨਾ ਫਰੋਲ ਜੋਗੀਆ

ਬਲਵਿੰਦਰ ਕੌਰ ਬਰਾੜ

ਘਰ ਨੂੰ ਜਿੰਦਾ ਲਾ ਕੇ ਅਸੀਂ ਸੱਸ ਨੂੰਹ ਦੋਵੇਂ ਵੱਡੀ ਸੜਕ ਤੇ ਆ ਗਈਆਂ। ਸਵੇਰ ਤੋਂ ਹੀ ਮੈਂ ਮਾਤਾ ਜੀ ਦੇ ਆਦੇਸ਼ਾਂ ਦਾ ਪਾਲਣ ਕਰਦੀ ਤਿਆਰ ਹੋ ਗਈ ਸੀ। ਜਦੋਂ ਵੀ ਮੇਰੇ ਪਤੀ ਘਰੋਂ ਕਈ ਦਿਨਾਂ ਲਈ ਬਾਹਰ ਜਾਂਦੇ ਮੇਰੀ ਸੱਸ ਮੈਨੂੰ ਕਈ ਸਾਧੂ ਫਕੀਰਾਂ ਦੇ ਡੇਰਿਆਂ ਤੇ ਲਈ ਫਿਰਦੀ। ਮੇਰਾ ਮਨ ਉਕਾ ਨਹੀਂ ਕਰਦਾ ਸੀ ਪਰ ਫੇਰ ਵੀ (ਕੀ ਪਤੈ?) ਸੋਚ ਕੇ ਉਸ ਨਾਲ ਤੁਰ ਪੈਂਦੀ। ਮੈਂ ਸੋਚ ਰਹੀ ਸੀ ਅੱਜ ਫੇਰ ਉਹੀ ਪੁਰਾਣੇ ਸ਼ਬਦ ਫੇਰ ਮੇਰੇ ਅੱਗੇ ਦੁਹਰਾਏ ਜਾਣਗੇ। 'ਮਹਾਰਾਜ ਗੋਦੀ ਹਰੀ ਨਹੀਂ ਹੁੰਦੀ' ਝੋਲੀ ਖੈਰ ਪਾਓ, ਮਿਹਰ ਕਰੋ, ਜੇ ਉਪਰ ਆਲਾ ਭੁੱਲ ਗਿਆ ਤਾਂ ਤੁਸੀਂ ਮੰਨਾਓ ਆਦਿ ਇਨ੍ਹਾਂ ਸ਼ਬਦਾਂ ਨੂੰ ਮੈਂ ਕਈ ਵਾਰ ਆਪਣੇ ਸੀਨੇ 'ਤੇ ਜਰਿਆ ਸੀ, ਪਰ ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ। ਮਾਤਾ ਜੀ ਨੇ ਕਾਰ ਡਰਾਈਵਰ ਨੂੰ ਕਹਿਣ ਦੀ ਥਾਂ ਰਿਕਸ਼ੇ ਨੂੰ ਆਵਾਜ਼ ਮਾਰੀ। 'ਰਾਘੋ ਮਾਜਰੇ' ਦਾ ਰਿਕਸ਼ਾ ਕਰਕੇ ਅਸੀਂ ਦੋਵੇਂ ਚੁੱਪ ਚਾਪ ਬੈਠ ਗਈਆਂ। ਸਾਰੇ ਰਸਤੇ ਦੀ ਚੁੱਪ ਨੇ ਦੋਵੇਂ ਪਾਸੇ ਅਜੀਬ ਜਿਹਾ ਹਾਲ ਕਰ ਦਿੱਤਾ ਸੀ। ਮੇਰਾ ਜੀ ਕਰੇ ਕਿ ਰਾਹ ਵਿਚ ਕੋਈ ਅਣਹੋਣੀ ਹੀ ਵਾਪਰ ਜਾਏ ਤਾਂ ਅਸੀਂ ਆਪਸ ਵਿਚ ਬੋਲੀਏ। ਮੈਨੂੰ ਰਾਘੋ ਮਾਜਰੇ ਦਾ ਕੋਈ ਸਬੰਧੀ ਕੋਈ ਸਾਧੂ ਯਾਦ ਨਹੀਂ ਸੀ ਆ ਰਿਹਾ ਜਿਥੇ ਪਹਿਲਾਂ ਕਦੀ ਗਈ ਹੋਵਾਂ। ਅਖੀਰ ਇਕ ਭੀੜੀ ਜਿਹੀ ਗਲੀ ਦੇ ਮੋੜ 'ਤੇ ਰਿਕਸ਼ੇ ਵਾਲੇ ਨੂੰ ਛੁੱਟੀ ਕਰ ਦਿੱਤੀ ਗਈ। ਫੇਰ ਮਾਤਾ ਜੀ ਨੇ ਆਲਾ ਦੁਆਲਾ ਇਉਂ ਪਰਖਣਾ ਸ਼ੁਰੂ ਕਰ ਦਿੱਤਾ ਜਿਵੇਂ ਉਨ੍ਹਾਂ ਘਰਾਂ ਵਿਚੋਂ ਕਿਸੇ ਇਕ ਵਿਚ ਚੋਰੀ ਕਰਨ ਦਾ ਇਰਾਦਾ ਹੋਵੇ। ਮਾਤਾ ਜੀ ਦੀਆਂ ਭੇਤ ਭਰੀਆਂ ਅੱਖਾਂ ਵੱਲ ਵੇਖ ਮੈਨੂੰ ਯਕੀਨ ਹੋ ਗਿਆ ਕਿ ਅੱਜ ਕੋਈ ਖਾਸ ਗੱਲ ਜ਼ਰੂਰ ਹੈ ਜੋ ਪਹਿਲਾਂ ਤੋਂ ਵੱਖਰੀ ਹੈ। ਥੋੜ੍ਹੀ ਦੂਰ ਪੈਦਲ ਚਲਣ ਪਿਛੋਂ ਇਕ ਹਨੇਰੇ ਜਿਹੇ ਘਰ ਅੱਗੇ ਜਾ ਕੇ ਮਾਤਾ ਜੀ ਰੁਕ ਗਏ। ਉਸ ਘਰ ਦੇ ਪੁਰਾਣੀ ਕਿਸਮ ਦੇ ਲਾਖੇ ਰੰਗ ਦੇ ਤਖਤੇ ਇਸ ਤਰ੍ਹਾਂ ਬੰਦ ਸਨ ਜਿਵੇਂ ਕਈ ਲੋਕ ਕਹਾਣੀਆਂ ਵਿਚ ਭੂਤਾਂ ਖੰਡਰ ਦਾ ਬੰਦ ਦਰਵਾਜ਼ਾ ਸੁਣੀਂਦਾ ਹੈ ਮਾਤਾ ਜੀ ਨੇ ਉਸ ਦਾ ਕੁੰਡਾ ਫੜ ਕੇ ਤਿੰਨ ਵਾਰੀ ਇਉਂ ਖੜਕਾਇਆ ਜਿਵੇਂ ਇਹ ਖੜਕਾ ਕਿਸੇ ਵਿਸ਼ੇਸ਼ ਸੂਚਨਾ ਭਰਿਆ ਅਰਥ ਰੱਖਦਾ ਹੋਵੇ। ਕੁਝ ਚਿਰ ਪਿਛੋਂ ਇਕ ਮਾੜਚੂ ਜਿਹੇ ਮੁੰਡੇ ਨੇ ਉਨਾ ਕੁ ਹੀ ਦਰ ਖੋਲ੍ਹਿਆ ਜਿੰਨੇ ਕੁ ਰਾਹੀਂ ਅਸੀਂ ਅੰਦਰ ਲੰਘ ਸਕਦੀਆਂ ਸੀ। ਵਿਹੜੇ ਵਿਚੋਂ ਲੰਘਦਿਆਂ ਫਰਸ਼ ਦੀਆਂ ਟੁੱਟੀਆਂ ਤੇ ਉਚੀਆਂ ਨੀਵੀਆਂ ਇੱਟਾਂ ਘਰ ਦੀ ਖਸਤਾ ਹਾਲਤ ਦੀ ਗਵਾਹੀ ਭਰਦੀਆਂ ਲਗਦੀਆਂ ਸਨ। ਅਖੀਰ ਉਸ ਮੁੰਡੇ ਦੀ ਅਗਵਾਈ ਹੇਠ ਅਸੀਂ ਚੁਬਾਰੇ ਦੀਆਂ ਪੌੜੀਆਂ ਚੜ੍ਹੀਆਂ ਤਾਂ ਸਾਹਮਣੇ ਇਕ ਸੋਹਣਾ ਸੁਨੱਖਾ ਨੌਜਵਾਨ ਧਾ ਕੇ ਮਾਤਾ ਜੀ ਦੇ ਗਲੇ ਨੂੰ ਚੰਬੜ ਗਿਆ। ਮਾਤਾ ਜੀ ਉਸ ਨੂੰ ਘੁੱਟ ਘੁੱਟ ਕੇ ਆਪਣੇ ਨਾਲ ਲਾਉਂਦੇ ਉਚੀ ਉਚੀ ਰੋਣ ਲੱਗੇ,

ਵੇ ਪੁੱਤ ਤੂੰ ਨਾਲ ਤੁਰਦਾ ਤੁਰਦਾ ਕਿਥੋਂ ਰਾਹ ਵੱਟ ਗਿਆ ਵੇਂ। ਪੁੱਤ ਤੇਰੇ ਪੈਰਾਂ ਦੇ ਛਾਲੇ ਮੇਰੀ ਹਿਕ 'ਚ ਰੜਕਦੇ ਨੇ।

ਮੈਨੂੰ ਇਹ ਸਮਝਣ ਵਿਚ ਤਾਂ ਦੇਰ ਨਾ ਲਗੀ ਕਿ ਮਾਤਾ ਜੀ ਦਾ ਇਹ ਵੀ ਇਕ ਪੁੱਤ ਹੈ ਤੇ ਮੇਰਾ ਪਤੀ ਇਕਲੌਤਾ ਨਹੀਂ ਹੈ। ਉਸ ਲੜਕੇ ਨੂੰ ਮੈਂ ਪਹਿਲਾਂ ਵੀ ਕਾਲਜ ਵਿਚ ਪੜ੍ਹਦਿਆਂ ਵੇਖਿਆ ਸੀ। ਉਹੀ ਤਿੱਖੇ ਨਕਸ਼, ਅੱਖਾਂ ਵਿਚ ਅਜੀਬ ਜਿਹੀ ਕਸ਼ਿਸ਼ ਸੀ। ਕਾਲਜ ਵਿਚ ਬਹੁਤ ਕੁੜੀਆਂ ਦੀਆਂ ਨਿਗਾਹਾਂ ਦਾ ਕੇਂਦਰ ਰਿਹਾ ਕਰਦਾ ਸੀ। ਫਰਕ ਕੇਵਲ ਇਤਨਾ ਸੀ ਕਿ ਹੁਣ ਗੋਰੇ ਚਿਹਰੇ ਤੇ ਕੁੰਢੀਆਂ ਮੁੱਛਾਂ ਤੇ ਦਾੜ੍ਹੀ ਪਹਿਲਾਂ ਨਾਲੋਂ ਵਧੇਰੇ ਫੱਬ ਰਹੀ ਸੀ। ਪਰ ਉਸ ਵੇਲੇ ਤੇ ਹੁਣ ਦੇ ਮਿਲਣ ਵਿਚ ਕੋਹਾਂ ਦਾ ਅੰਤਰ ਸੀ।

ਜ਼ਿੰਦਗੀ ਦੇ ਕਿਸੇ ਮੋੜ ਉਤੇ ਵੀ ਟਕਰੇਗਾ ਕਦੇ ਸੋਚਿਆ ਤਕ ਨਹੀਂ ਸੀ। ਮੈਨੂੰ ਲੱਗਿਆ ਦੁਨੀਆਂ ਕਿੰਨੀ ਵੱਡੀ ਹੈ ਤੇ ਅਸੀਂ ਕਿੰਨੇ ਛੋਟੇ ਛੋਟੇ ਰਿਸ਼ਤੇ ਬਣਾ ਕੇ ਉਸ ਵਿਚ ਚੱਕਰ ਖਾਂਦੇ ਮਰ ਜਾਂਦੇ ਹਾਂ। ਉਹ ਦੋਵੇਂ ਮਾਂ ਪੁੱਤ ਰੋਣ ਧੋਣ ਪਿਛੋਂ ਗੱਲਾਂ ਕਰਨ ਲਗ ਪਏ। ਪੁੱਤਰ ਦੱਸ ਰਿਹਾ ਸੀ ਕਿਵੇਂ ਇਕ ਵਾਰੀ ਤਿੰਨ ਦਿਨਾਂ ਦਾ ਭੁੱਖਾ ਮੈਂ ਰਾਤ ਨੂੰ ਸਕੀ ਮਾਸੀ ਦੇ ਘਰ ਗਿਆ ਤਾਂ ਉਸ ਨੇ ਬੂਹਾ ਖੋਲ੍ਹਣ ਤੋਂ ਵੀ ਇਨਕਾਰ ਕਰ ਦਿੱਤਾ। ਕੁਝ ਚਿਰ ਪਿਛੋਂ ਮਾਤਾ ਜੀ ਨੇ ਮੇਰੇ ਵੱਲ ਹੱਥ ਕਰ ਕੇ ਕਿਹਾ, "ਪੁੱਤ ਇਹ ਤੇਰੀ ਭਾਬੀ ਏ।" ਮੈਂ ਇਹਨੂੰ ਲਿਆਈ ਆਂ। ਬਈ ਮੇਰਾ ਕੀ ਐ, ਅੱਜ ਮਰੀ ਕੱਲ੍ਹ ਨੂੰ ਦੂਜਾ ਦਿਨ! ਖਬਰੇ ਮੇਰੇ ਮਰੀ ਮਗਰੋਂ ਇਹ ਕਦੇ ਤੇਰੀ ਸਾਈ ਈ ਲੈ ਲਵੇ

ਇਹ ਆਖ ਕੇ ਮਾਤਾ ਜੀ ਅੱਖਾਂ ਪੂੰਝਣ ਲਗ ਪਏ ਤੇ ਮੇਰਾ ਜੀ ਕੀਤਾ ਮਿੰਦੀ ਨੂੰ ਮਾਂ ਵਾਂਗ ਵੀ ਗਲ ਨਾਲ ਲਾ ਲਵਾਂ ਤੇ ਕਹਾਂ ਕਿ ਮਾਂ ਵਾਂਗ ਮੈਂ ਵੀ ਸਿਰ ਨਾਲ ਨਿਭਾਂਗੀ ਪਰ ਮੇਰੇ ਤੋਂ ਇਹ ਹੋ ਨਾ ਸਕਿਆ ਤੇ ਮਿੰਦੀ ਮਸ਼ਕਰੀ ਜਿਹੀ ਵਾਂਗ ਬੋਲਿਆ

"ਭਾਬੀ ਜੀ ਮੈਂ ਸੁਣਿਐਂ ਤੂੰ ਬਾਈ ਦੀ ਬੜੀ ਲਾਡਲੀ ਐਂ ਮੇਰੀ ਫਾਈਲ ਨਾ ਕਿਤੇ ਪੇਸ਼ ਕਰਦੀਂ ਬਾਈ ਮੂਹਰੇ।"

ਦਰਅਸਲ ਮੇਰੇ ਪਤੀ ਸੀ. ਆਈ. ਡੀ. ਇੰਸਪੈਕਟਰ ਸਨ। ਮੇਰੇ ਘਰਦਿਆਂ ਨੇ ਇਕਲੌਤੇ ਲੜਕੇ ਦੀ ਜ਼ਮੀਨ ਜਾਇਦਾਦ ਵੇਖ ਕੇ, ਭਰੇ ਭੁੰਕਨੇ ਘਰ ਵਿਚ ਮੇਥਾ ਰਿਸ਼ਤਾ ਕੀਤਾ ਸੀ। ਉਂਝ ਆਪਣੀਆਂ ਸਹੇਲੀਆਂ ਵਿਚ ਬੈਠੀਆਂ ਅਸੀਂ ਜੋ ਗੱਲਾਂ ਕਰਦੀਆਂ ਮੈਨੂੰ ਸਭ ਚੇਤੇ ਹਨ। ਗੁਰਪ੍ਰੀਤ ਕਹਿੰਦੀ ਸੀ ਫੌਜੀ ਨਾਲ ਵਿਆਹ ਕਰਵਾਣਾ ਚਾਹੀਦੈ ਘਰਵਾਲੀ ਦਾ ਪੂਰਾ ਮੁੱਲ ਪਾਉਂਦੇ ਨੇ ਤੇ ਉਹ ਕਿਸੇ ਵਪਾਰੀ ਨੂੰ ਵਿਆਹੀ ਗਈ ਸੀ। ਮੈਂ ਚਾਹੁੰਦੀ ਸੀ ਘਰ ਭਾਵੇਂ ਖਾਲੀ ਹੋਵੇ ਰਿਸ਼ਤਿਆਂ ਦਾ ਭਰਿਆ ਹੋਣਾ ਚਾਹੀਦੈ ਕਈ ਨਨਾਣਾਂ ਤੇ ਦਿਉਰ ਹੋਣ। ਪਰ ਇਹ ਹੋਇਆ ਇਸ ਦੇ ਉਲਟ ਹੀ ਸੀ। ਮੇਰੇ ਪਤੀ ਦੇ ਲੱਖ ਸਮਝਾਉਣ 'ਤੇ ਵੀ ਮੈਂ ਉਨ੍ਹਾਂ ਨੂੰ ਇਮਾਨਦਾਰ ਨਹੀਂ ਸਮਝਦੀ ਸੀ। ਅਸੀਂ ਵਿਆਹ ਜਾਂਦੇ ਜਾਂ ਸਾਡੇ ਕੋਈ ਆਉਂਦਾ ਮੇਰੇ ਪਤੀ ਸਰਸਰੀ ਨਿਗਾਹ ਨਾਲ ਨਹੀਂ ਵੇਖਦੇ ਸਨ। ਮੈਂ ਕਈ ਵਾਰੀ ਖਿਝਦੀ ਕਿ ਤੁਹਾਨੂੰ ਕਿਸੇ ਦੇ ਨਕਸ਼ ਯਾਦ ਨਹੀਂ ਰਹਿੰਦੇ ਝਾਕਣੀ ਯਾਦ ਰਹਿੰਦੀ ਐ। ਕਈ ਵਾਰ ਸਾਡੀ ਇਸ ਗੱਲੋਂ ਬਹਿਸ ਹੋ ਜਾਂਦੀ ਬਈ ਜਿਊਣ ਦਾ ਸੁਆਦ ਈ ਕੀ ਹੋਇਆ ਜੇ ਤੁਸੀਂ ਕਿਸੇ ਰਿਸ਼ਤੇ ਨੂੰ ਨੰਗੀ ਅੱਖ ਦੇਖ ਹੀ ਨਹੀਂ ਸਕਦੇ। ਪਰ ਮੇਰੇ ਸਾਹਿਬ ਮੇਰੀਆਂ ਇਹ ਦਲੀਲਾਂ ਇਕੋ ਵਾਕ ਨਾਲ ਧੋ ਸੁੱਟਦੇ:

'ਤੀਵੀਆਂ ਦਾ ਕੀ ਹੁੰਦੈ। ਬਸ ਉਪਰਲੀ ਤਹਿ 'ਤੇ ਗੇੜ ਜਾਂਦੀਆਂ ਨੇ।'

ਮਿੰਦੀ ਮਾਤਾ ਜੀ ਨਾਲ ਕਦੇ ਗੱਲਾਂ ਇਉਂ ਕਰਦਾ ਜਿਵੇਂ ਛੋਟਾ ਬੱਚਾ ਹੋਵੇ ਤੇ ਕਦੇ ਇਉਂ ਕਰਦਾ ਜਿਵੇਂ ਬਹੁਤ ਸਿਆਣਾ ਆਦਮੀ ਹਰ ਹੋਣੀ ਨੂੰ ਸਵੀਕਾਰ ਕਰੀ ਬੈਠਾ ਹੋਵੇ। ਮੈਂ ਮਿੰਦੀ ਨੂੰ ਸਮਝਾਉਣ ਵਾਂਗ ਕਿਹਾ:

'ਮਿੰਦੀ ਤੁਸੀਂ ਘਰ ਬਣਾ ਕੇ ਰਹੋ ਕਿਉਂ ਖਾਕ ਛਾਣਦੇ ਫਿਰਦੇ ਹੋ? ਕਿਉਂ ਜਵਾਨੀਓਂ ਜਾਣ ਵਾਲੀ, ਗੱਲ ਨੂੰ ਹਿਕ ਨਾਲ ਲਾਈ ਫਿਰਦੇ ਹੋ।'

ਮੇਰੀ ਇਸ ਸਿੱਖਿਆ ਨੇ ਜਿਵੇਂ ਉਸ ਦੇ ਛਾਲੇ ਫੇਹ ਦਿੱਤੇ ਹੋਣ ਉਸ ਨੇ ਨੀਵੀਂ ਪਾਈ ਆਖਿਆ:

'ਭਾਬੀ ਹੈ ਕਿਸੇ ਕੁੜੀ ਦੀ ਹਿੰਮਤ ਜੋ ਗੋਲੀ ਮੂਹਰੇ ਖੜ੍ਹੇ ਨਾਲ ਮੇਰਾ ਸਾਥ ਦੇਵੇ?'

ਮੈਂ ਕਿਹਾ ਤੁਸੀਂ ਗੋਲੀਆਂ ਮੂਹਰੇ ਛਾਤੀਆਂ ਕਿਉਂ ਡਾਹੀਆਂ ਨੇ? ਇਸ ਨਾਲ ਉਹ ਹੋਰ ਵੀ ਰੋਹ ਵਿਚ ਆ ਗਿਆ ਉਸ ਨੇ ਮੇਰੇ ਨੇੜੇ ਹੋ ਕੇ ਮੇਰਾ ਹੱਥ ਫੜ ਲਿਆ, ਪੂਰੇ ਗੁੱਸੇ ਨਾਲ ਕਹਿਣ ਲੱਗਿਆ:

'ਭਾਬੀ ਤੂੰ ਵੀ ਸਾਡੇ ਉਪਰ ਤਰਸ ਨੀਂ ਕਰੇਂਗੀ? ਗੋਲੀਆਂ ਮਾਰਨ ਵਾਲਿਆਂ ਨੂੰ ਪੁੱਛ ਕੇ ਦੇਖ ਅਸੀਂ ਉਨ੍ਹਾਂ ਦੀਆਂ ਚਰੀਆਂ ਮਿੱਧੀਆਂ ਨੇ ਕਿ ਉਨ੍ਹਾਂ ਨੇ ਸਾਡੇ ਲਾਚੀਆਂ ਦੇ ਬਾਗ ਉਜਾੜੇ ਨੇ?

ਮਿੰਦੀ ਅਜਿਹਾ ਬੋਲਣ ਲੱਗਿਆ ਹੁਣ ਉਹ ਚੁੱਪ ਕਰਾਉਣਾ ਔਖਾ ਹੋ ਜਾਏਗਾ। ਇਹ ਆਪਣਾ ਢਿੱਡ ਫਰੋਲਣ ਲਈ ਥਾਂ ਭਾਲਦੇ ਫਿਰਦੇ ਨੇ ਜਿਨ੍ਹਾਂ ਨੂੰ ਸਿਰ ਲਕੋਣ ਲਈ ਛੱਤ ਨਸੀਬ ਨਹੀਂ ਹੁੰਦੀ। ਮੇਰਾ ਮੂੰਹ ਵੇਖ ਕੇ ਮਿੰਦੀ ਚੁੱਪ ਕਰ ਗਿਆ। ਮਾਤਾ ਨੂੰ ਇਹ ਸਭ ਸਮਝ ਨਹੀਂ ਸੀ ਆ ਰਿਹਾ।

→


• ਇਨਸ਼ੋਰੈਂਸ •

• ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
• ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
• ਵਿਜ਼ਟਰ ਇਨਸ਼ੋਰੈਂਸ
• ਬਿਜ਼ਨੈਸ ਇਨਸ਼ੋਰੈਂਸ ਤੇ ਆਟੋ

Off. & Res.
325-4744

ਪੀ. ਨਰਵਾਲ ਐਂਡ ਕੰ:

ਇਮੀਗਰੇਸ਼ਨ ਸਲਾਹਕਾਰ
ਤੇ ਹੋਰ ਸੇਵਾਵਾਂ

• ਬੱਚੇ ਦਾ ਅਡਾਪਟ (ਗੋਦ ਲੈਣਾ)
• ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
• ਰਿਸ਼ਤੇਦਾਰ ਦੀ ਚਿੱਠੀ ਕਰਨੀ
• ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ)
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:

• ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
• ਮੌਰਗੇਜ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
• ਲੀਜ਼ ਦੇ ਕਾਗਜ਼ ਬਣਾਉਣੇ
• ਕਮਰਸ਼ੀਅਲ ਕਨਟਰੈਕਟ ਬਣਾਉਣੇ
• ਹਲਫੀਆ ਬਿਆਨ ਲੈਣੇ
• ਮੁਖਤਿਆਰਨਾਮੇ ਤਿਆਰ ਕਰਨੇ
• ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
• ਵਸੀਅਤ ਆਦਿ

6415 MAIN ST. (at 48th Ave.) VANCOUVER, B.C.

Open : Mon[illegible] to Friday (9 a.m. to 5 p.m.) Saturday : 10 a.m. to 3 p.m.



ਪ੍ਰਿਤਪਾਲ ਸਿੰਘ ਨਰਵਾਲ

325-4744

NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ?

Bhupinder Dhaliwal

Off: 685-7364 Res: 589-1559



Bhupinder Dhaliwal

# The Manitoba Mirror
# ਮੈਨੀਟੋਬਾ ਦਰਪਣ

## V.I.P. SUPERMARKET
**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

**V.I.P. SUPERMARKET**
739, Elice Ave. WINNIPEG, MAN.

## Moti Flour Industries
620 - Sophia St., SELKIRK — MAN.

**Ph. 204-482-4111**
**Or. 204-785-1054**

**100% ਡੁਰਮ ਕਣਕ ਦਾ ਆਟਾ**
ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

## AMAN REALTY
MLS

1223 MARICHAM ROAD, WINNIPEG, MAN. R3T 4B1

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜ਼ਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼ੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ



**Sukhjinder S. Dhillon**
**Res: 669-2573**

**ਰਾਜ ਸਿੰਘ ਮਾਨ**
ਜਾਂ
**ਸੁਖਜਿੰਦਰ ਸਿੰਘ ਢਿੱਲੋਂ**
ਨੂੰ ਮਿਲੋ

- ਲਾਈਫ ਇਨਸ਼ੋਰੈਂਸ • ਗਰੁੱਪ ਇਨਸ਼ੋਰੈਂਸ • ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

ਮਿੰਦੀ ਨੇ ਫੇਰ ਮਾਹੌਲ ਬਦਲਿਆ :

ਭਾਬੀਆਂ ਕਾਹਦੇ ਵਾਸਤੇ ਹੁੰਦੀਆਂ ਨੇ ? ਕੋਈ ਭਾਲ ਦੇਹ ਮੈਂ ਅਸਲੀ ਵਿਆਹ ਜਾਅਲੀ ਵਾਂਗ ਕਰਾਲੂੰ ।

ਮੈਨੂੰ ਉਸ ਦੀ ਅਸਲੀ ਜ਼ਿੰਦਗੀ ਵਿਚ ਜਾਅਲੀਪੁਣਾ ਬਹੁਤ ਕਿਰਕਿਰਾ ਜਿਹਾ ਲੱਗਿਆ । ਅਖੀਰ ਨ੍ਹੇਰੇ ਹੋਏ ਅਸੀਂ ਵਾਪਸ ਆਉਣਾ ਸੀ ਮਾਂ ਨੇ ਪੁੱਤ ਦੇ ਸਾਰੇ ਪਿੰਡੇ 'ਤੇ ਹੱਥ ਫੇਰਦਿਆਂ ਕਿਹਾ,

'ਮੈਂ ਮਰਜਾਂ ਏਡੀ ਜੈਦਾਤ ਦਾ ਮਾਲਕ ਐਨੀਂ ਹਾਲੀਂ ਹੋਇਆ ਫਿਰਦੈ ਮੇਰਾ ਭਗਤ ਪੁੱਤ ।'

ਵਾਪਸ ਆਉਂਦਿਆਂ ਮਾਂ ਨੇ ਬਹੁਤ ਗੱਲਾਂ ਕੀਤੀਆਂ । ਇਸ ਨੂੰ ਬੇਦਖਲ ਕਰਨ ਬਾਰੇ ਦੱਸਦਿਆਂ ਮਾਂ ਦਾ ਗਲਾ ਭਰ ਆਇਆ ਸੀ । ਮਾਂ ਕਹਿਣ ਲੱਗੀ :

'ਅੱਖਰ ਲਿਖਣ ਨਾਲ ਤਾਂ ਆਦਰਾਂ ਨੀ ਟੁੱਟਦੀਆਂ ਮੈਂ ਤਾਂ ਮਿੰਦੀ ਦੇ ਵਿਚ ਦੀ ਸਾਹ ਲੈਨੀਆਂ ਸਾਰੀ ਰਾਤ ਇਹਨੂੰ ਦੇਖਦੀ ਮੈਂ ਸੁੰਨੀਆਂ ਖੱਡਾਂ 'ਚ ਹੱਥ ਪਾਉਂਦੀ ਰਹਿਨੀ ਆਂ ਪਰ ਹੱਥ ਕਿਤੇ ਨਹੀਂ ਅੜਦਾ ।

ਮੈਨੂੰ ਆਪਣੇ ਪਤੀ ਦੇ ਸਖਤ ਸੁਭਾ ਦਾ ਤਾਂ ਪਤਾ ਸੀ ਪਰ ਇੰਨੀ ਸਖਤੀ ਬਾਰੇ ਮੈਂ ਕਦੀ ਕਿਆਸ ਨਹੀਂ ਕਰ ਸਕਦੀ ਸੀ । ਪਤੀ ਦੇ ਵਾਪਸ ਆਉਣ ਪਿਛੋਂ ਕਈ ਦਿਨ ਮੈਂ ਉਧੇੜਬੁਣ ਕਰਦੀ ਰਹੀ । ਸ਼ਾਇਦ ਮਾਂ ਨੂੰ ਇਸ ਦਾ ਪਤਾ ਲਗ ਗਿਆ ਉਸ ਨੇ ਤਰਲੇ ਵਾਂਗ ਕਿਹਾ,

'ਦੇਖੀਂ ਮੇਰੀ ਧੀ ਕਿਤੇ ਛਿੰਦੇ ਕੋਲ ਨਾ ਭੋਗ ਪਾ ਦੀਂ ਆਪਣਾ ਦੋਹਾਂ ਦਾ ਵਾਹਣ ਕਰ ਦੂਗਾ ।'

ਪਰ ਮੇਰੇ ਪਤੀ ਜਦੋਂ ਵੀ ਕਦੀ ਮੇਰੇ 'ਤੇ ਪਸੀਜਦੇ ਉਨ੍ਹਾਂ ਨੂੰ ਪੰਘਰਦਾ ਵੇਖ ਕੇ ਮੇਰਾ ਜੀ ਕਰਦਾ ਮੈਂ ਉਨ੍ਹਾਂ ਦਾ ਹੱਥ ਫੜ ਕੇ ਭਰਾ ਨਾਲ ਸਮਝੌਤਾ ਕਰਵਾ ਦੇਵਾਂ । ਪਰ ਹਰ ਵਾਰ ਮੈਂ ਵਧੀਆ ਮੌਕੇ ਦੀ ਤਲਾਸ਼ ਕਰਦੀ ਰਹਿ ਜਾਂਦੀ । ਇਕ ਦਿਨ ਅਲਮਾਰੀ ਦੀਆਂ ਪੁਰਾਣੀਆਂ ਚੀਜ਼ਾਂ ਠੀਕ ਕਰਦਿਆਂ ਇਕ ਫੋਟੋ ਹੇਠਾਂ ਡਿੱਗ ਪਈ । ਉਸ ਵਿਚ ਮਿੰਦੀ ਮਾਂ ਤੇ ਭਰਾ ਵਿਚਕਾਰ ਮੁਸਕਰਾ ਰਿਹਾ ਸੀ । ਮੈਂ ਫੋਟੋ ਬੜੀ ਸ਼ਰਧਾ ਨਾਲ ਆਪਣੇ ਸੀਨੇ ਨਾਲ ਲਾਈ ਸੀ ਕਿ ਪਤੀ ਨੇ ਛਾਪਾ ਮਾਰ ਲਿਆ ਉਨ੍ਹਾਂ ਨੇ ਫੋਟੋ ਖੋਂਹਦਿਆਂ ਕਿਹਾ,

'ਇਹ ਤੈਨੂੰ ਕਿਥੋਂ ਮਿਲੀ ? ਮੈਂ ਵੀ ਨਾਟਕ ਕਰਨ ਵਾਂਗ ਕਿਹਾ 'ਇਥੇ ਤੁਸੀਂ ਕਿੰਨੇ ਸੋਹਣੇ ਲਗਦੇ ਓ' ਪਰ ਆਹ ਵਿਚਕਾਰਲਾ ਕੌਣ ਐ ?

ਮੇਰੇ ਪਤੀ ਨੇ ਬੜੀ ਸਚਾਈ ਵਾਂਗ ਝੂਠ ਬੋਲਿਆ ।

ਇਹ ਮੇਰੇ ਤੋਂ ਛੋਟਾ ਸੀ ਕਈ ਸਾਲ ਹੋਗੇ ਮਰ ਗਿਆ ਪਰ ਮੈਂ ਇਹਦੀਆਂ ਸਾਰੀਆਂ ਫੋਟੋਆਂ ਵੀ ਨਾਲ ਫੂਕਤੀਆਂ ਸੀ ਇਹ ਕਿਥੋਂ ਰਹਿ ਗਈ ।

ਇਹ ਕਹਿ ਕੇ ਉਹ ਫੋਟੋ ਖੋਹਣ ਲੱਗੇ ਮੈਂ ਫੋਟੋ ਪਿਛੇ ਲਕੋਂਦਿਆਂ ਕਿਹਾ, 'ਤੁਰ ਗਿਆਂ ਦੀ ਨਿਸ਼ਾਨੀ ਨੀ ਤੋੜੀ ਦੀ ।'

ਇਸ ਪਿਛੋਂ ਗੱਲ ਆਈ ਗਈ ਹੋਗੀ ਪਰ ਮੇਰੇ ਜ਼ਿਹਨ ਵਿਚ ਭਰਾ ਦੇ ਕਹੇ ਸ਼ਬਦ 'ਮਰ ਗਿਆ' ਰੜਕਦੇ ਰਹੇ । ਹਿੰਦੀ ਫਿਲਮਾਂ ਵਿਚ ਮਰੇ ਹੋਏ ਦੇ ਵਾਪਸ ਆ ਜਾਣ ਵਾਂਗ ਮੈਂ ਬਾਰ ਬਾਰ ਉਸ ਮਰੇ ਨੂੰ ਜਿਉਂਦਾ ਕਰਨ ਬਾਰੇ ਸੋਚਦੀ ਰਹੀ ।

ਕੁਝ ਦਿਨਾਂ ਪਿਛੋਂ ਮਾਂ ਸਖਤ ਬਿਮਾਰ ਪੈ ਗਈ । ਮੈਨੂੰ ਮਾਤਾ ਜੀ ਦੀ ਅੰਤਰ ਪੀੜਾ ਵਲੂੰਧਰਦੀ ਰਹੀ । ਮੇਰੇ ਪਤੀ ਰੋਜ਼ ਮਾਂ ਕੋਲ ਆ ਕੇ ਹਾਲ ਚਾਲ ਪੁੱਛਦੇ ਪਰ ਮਾਂ ਹਾਂ ਹੂੰ ਤੋਂ ਅੱਗੇ ਨਾ ਵਧਦੀ ਮੇਰਾ ਜੀ ਕਰਦਾ ਮਾਂ ਮੇਰੇ ਪਤੀ ਨਾਲ ਕੋਈ ਬੋਲ ਸਾਂਝਾ ਕਰੇ ਤਾਂ ਮੈਂ ਵੀ ਸ਼ਰੀਕ ਹੋ ਕੇ ਕੋਈ ਰਾਹ ਲੱਭ ਲਵਾਂ ਪਰ ਮੌਕੇ ਦੀ ਉਡੀਕ ਵਿਚ ਕਈ ਦਿਨ ਲੰਘ ਗਏ । ਮਾਂ ਦਿਨੋਂ ਦਿਨ ਖੁਰਨ ਲੱਗੀ । ਇਕ ਦਿਨ ਮਾਂ ਬਾਰੇ ਗੱਲ ਕਰਦਿਆਂ ਇਹ ਬੋਲੇ,

'ਮਾਂ ਹੁਣ ਬਚਦੀ ਦਿਸਦੀ ਨੀਂ'

ਮੈਨੂੰ ਲੱਗਿਆ ਹੁਣ ਗੇਂਦ ਗੋਲ ਦੇ ਸਾਹਮਣੇ ਹੈ । ਮੈਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ

'ਤੁਸੀਂ ਉਨ੍ਹਾਂ ਨਾਲ ਦੁੱਖ ਸੁੱਖ ਤਾਂ ਕਰ ਕੇ ਦੇਖੋ ਖਬਰੇ ਕਿਹੜੀ ਸਧਰ ਅੰਦਰ ਚੀਰ ਪਾਈ ਜਾਂਦੀ ਐ । ਜਿਹਦੇ 'ਚ ਸਾਹ ਅਟਕੇ ਪਏ ਨੇ ।'

ਮੇਰਾ ਇੰਨਾ ਕਹਿਣ ਦੀ ਦੇਰ ਸੀ ਮੇਰੇ ਪਤੀ ਨੇ ਮੇਰੇ ਵੱਲ ਵੇਖਦਿਆਂ ਮੇਰੀ ਨਜ਼ਰ ਦੀਆਂ ਤੈਹਾਂ ਫਰੋਲਣੀਆਂ ਸ਼ੁਰੂ ਕਰ ਦਿੱਤੀਆਂ । ਮੈਂ ਨਜ਼ਰ ਟਾਲ ਲਈ ਤਾਂ ਉਨ੍ਹਾਂ ਨੇ ਮੇਰੀ ਬਾਂਹ ਫੜ ਕੇ ਅਫਸਰੀ ਤਰਜ਼ ਵਿਚ ਕਿਹਾ

'ਤੂੰ ਕਹਿਣਾ ਕੀ ਚਾਹੁੰਨੀ ਏਂ ?'

ਮੇਰੇ ਤੋਂ ਇਹ ਤਾਬ ਝੱਲੀ ਨਹੀਂ ਜਾ ਰਹੀ ਸੀ ਪਰ ਫੇਰ ਵੀ ਮੈਂ ਬੜੀ ਸਫਾਈ ਨਾਲ ਕਹਿ ਗਈ

"ਮੈਂ ਚਾਹੁੰਨੀ ਆਂ ਬਈ ਮਾਤਾ ਜੀ ਨੂੰ ਇਨ੍ਹਾਂ ਦਾ ਵਿਛੜਿਆ ਪੁੱਤ ਆਖਰੀ ਵਾਰ ਮਿਲਾ ਦਿੱਤਾ ਜਾਵੇ ।'

ਬਸ ਫੇਰ ਕੀ ਸੀ ਮੇਰੀ ਤਫਤੀਸ਼ ਸ਼ੁਰੂ ਹੋ ਗਈ । ਕਈ ਦਿਨ ਮੱਥੇ ਖਪਾਈ ਕਰਨੀ ਪਈ । ਮੈਂ ਦੋਹਾਂ ਭਰਾਵਾਂ ਵਿਚ ਇਕ ਪੁਲ ਬਣਨਾ ਲੋਚਦੀ ਸੀ ਜਿਸ ਉਪਰੋਂ ਦੀ ਗੁਜਰ ਕੇ ਇਨ੍ਹਾਂ ਦੋਨਾਂ ਦੀਆਂ ਬਾਹਾਂ ਇਕ ਦੂਜੇ ਦੇ ਗਲੇ ਲਗ ਜਾਣ । ਮੈਂ ਉਨ੍ਹਾਂ ਨੂੰ ਕਿਹਾ

'ਤੁਸੀਂ ਔਰਤ ਦੇ ਦਿਲ ਦੀਆਂ ਕੀ ਜਾਣੋਂ, ਦੋਵੇਂ ਭਰਾ ਆਪੋ ਆਪਣੀ ਪੁਗਾ ਰਹੇ ਹੋ ਕਦੇ ਮਾਂ ਦੀ ਦੁਖਦੀ ਰਗ 'ਤੇ ਹੱਥ ਰੱਖਿਐ ਜਿਹੜੀ ਦੋਹਾਂ ਪੁੱਤਾਂ ਨੂੰ ਸੀਨੇ ਲਾ ਕੇ ਮਰਨਾ ਚਾਹੁੰਦੀ ਐ ।'

ਕਈ ਦਿਨ ਮੈਂ ਪਤੀ ਦੇ ਤਰਲੇ ਮਿੰਨਤਾਂ ਕਰਦੀ ਰਹੀ । ਪਤੀ ਦੇ ਕਹੇ ਸ਼ਬਦਾਂ ਦੀ ਵਾਛੜ ਕਈ ਵਾਰ ਸਰਦੀ ਵਿਚ ਵਰ੍ਹਦੇ ਗੜਿਆਂ ਵਾਂਗ ਨੰਗੇ ਪਿੰਡੇ ਸਹਾਰਨੀ ਪਈ । ਪਰ ਇਸ ਪੀੜ ਵਿਚ ਅਜੀਬ ਜਿਹਾ ਆਨੰਦ ਸੀ ਜਿਵੇਂ ਡੂੰਘਾ ਕੰਡਾ ਨਿਕਣ ਜਾਣ ਪਿਛੋਂ ਪੈਰ ਪੀੜ ਕਰਦਾ ਹੈ । ਹੌਲੀ ਹੌਲੀ ਮਾਤਾ ਜੀ ਬਹੁਤ ਹੀ ਕਮਜ਼ੋਰ ਹੋ ਗਏ । ਆਪਣੀ ਗੱਲ ਇਸ਼ਾਰਿਆਂ ਨਾਲ ਸਮਝਾਉਣ ਲਗੇ ਤੇ ਫਿਰ ਇਕ ਦਿਨ ਮੇਰੇ ਪਤੀ ਦੀ ਇਜ਼ਾਜਤ ਨਾਲ ਮੈਂ ਉਸੇ ਮੁੰਡੇ ਦੇ ਘਰ ਜਾ ਆਈ ਜੋ ਇਕ ਵਾਰ ਸਾਨੂੰ ਮਿੰਦੀ ਨੂੰ ਮਿਲਾ ਲਿਆਇਆ ਸੀ । ਅਗਲੇ ਦਿਨ ਮੂੰਹ ਨ੍ਹੇਰੇ ਹੀ ਮਿੰਦੀ ਆਇਆ ਉਹ ਪਹਿਲਾਂ ਨਾਲੋਂ ਮਾੜਾ ਹੋ ਚੁੱਕਿਆ ਸੀ, ਮੂੰਹ ਦੀ ਚਮਕ ਢਿੱਲੀ ਪੈ ਚੁੱਕੀ ਸੀ । ਮੈਂ ਇਸ ਥੋੜ੍ਹੇ ਜਿਹੇ ਸਮੇਂ ਵਿਚ ਉਸ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੁੰਦੀ ਸੀ । ਮਾਂ ਵਾਰ ਵਾਰ ਉਸ ਦਾ ਹੱਥ ਫੜ ਕੇ ਅੱਖਾਂ 'ਤੇ ਧਰਦੀ ਪੁੱਛਦੀ ਰਹੀ

'ਪੁੱਤ ਹੁਣ ਤਾਂ ਘਰ ਆ ਗਿਆਂ, ਹੁਣ ਤਾਂ ਨੀ ਕਿਤੇ ਜਾਂਦਾ ? ਮੈਂ ਚੰਦਰੀ ਤਾਂ ਬਸ ਮੋਹ ਕਰਨਾ ਹੀ ਜਾਣਦੀ ਆਂ ਤੁਸੀਂ ਖਬਰੇ ਢਿੱਡ ਵਿਚ ਕੀ ਕੁਸ਼ ਲਈ ਫਿਰਦੇ ਓ ।'

ਜਿੰਨੀ ਦੇਰ ਮਿੰਦੀ ਬੈਠਾ ਰਿਹਾ ਮੇਰੇ ਪਤੀ ਜੀ ਚੁਬਾਰੇ ਵਿਚੋਂ ਹੀ ਨਾ ਉਤਰੇ ਮੇਰੀ ਰੀਝ ਸੀ ਮਾਤਾ ਜੀ ਦੇ ਦੋਵਾਂ ਪਾਸਿਆਂ ਨਾਲ ਦੋਵਾਂ ਪੁੱਤਾਂ ਨੂੰ ਬਿਠਾ ਕੇ ਉਸ ਦਾ ਕਾਲਜਾ ਠਾਰ ਦਿਆਂ ਪਰ ਅਜਿਹਾ ਨਾ ਹੋ ਸਕਿਆ ਫੇਰ ਮਾਤਾ ਜੀ ਦੇ ਸ਼ਬਦ ਯਾਦ ਆਏ ਉਹ ਆਪ ਮੁਹਾਰੇ ਗਾਇਆ ਕਰਦੇ

'ਜਿਨ੍ਹਾਂ ਨੇ ਬੇਰ ਨਾ ਡਿੱਠੇ, ਉਨ੍ਹਾਂ ਨੂੰ ਕਾਕੜੇ ਮਿੱਠੇ ।'

ਮਿੰਦੀ ਮਿਥੇ ਸਮੇਂ ਮਗਰੋਂ ਆਪਣੇ ਰਾਹ ਪੈ ਗਿਆ । ਘਰੋਂ ਜਾਣ ਲੱਗਿਆਂ ਉਸ ਦਾ ਜੀ ਕਰਦਾ ਸੀ ਕਿ ਉਹ ਕੁਝ ਚਿਰ ਹੋਰ ਠਹਿਰ ਜਾਏ ਉਸ ਦੀਆਂ ਅੱਖਾਂ ਭਰੀਆਂ ਹੋਈਆਂ ਸਨ । ਉਹ ਘਰ ਦੀਆਂ ਕੰਧਾਂ ਵੱਲ ਵੀ ਮੋਹ ਭਰੀਆਂ ਨਜ਼ਰਾਂ ਨਾਲ ਵੇਖਦਾ ਆਪਣਾ ਗਵਾਚਿਆ ਬਚਪਨ ਟੋਲਦਾ ਰਿਹਾ । ਜੇ ਮੈਂ ਥੋੜ੍ਹਾ ਜਿਹਾ ਵੀ ਜ਼ੋਰ ਪਾਉਂਦੀ ਉਹ ਜ਼ਰੂਰ ਰਹਿ ਪੈਂਦਾ । ਜਾਣ ਲੱਗਿਆਂ ਉਹ ਮੇਰੇ ਪੈਰੀਂ ਹੱਥ ਲਾ ਕੇ ਕਹਿਣ ਲੱਗਿਆ,

'ਚੰਗਾ ਭਾਬੀ, ਜਿਉਂਦੇ ਰਹੇ ਤਾਂ ਫੇਰ ਮਿਲਾਂਗੇ ।'

ਮੈਂ ਉਸ ਨੂੰ ਆਪਣੀ ਹਿੱਕ ਨਾਲ ਲਾ ਲਿਆ । ਮੇਰਾ ਜੀ ਕੀਤਾ ਮੈਂ ਆਪਣੀ ਉਮਰ ਉਸ ਦੇ ਨਾਂ ਕਰ ਦਿਆਂ । ਇਹ ਸਭ ਕੁਝ ਦੇਖਦਿਆਂ ਮਾਂ ਬਹੁਤ ਖੁਸ਼ ਤੇ ਮੇਰੇ ਪਤੀ ਬਹੁਤ ਹਰਖ ਵਿਚ ਆ ਰਹੇ ਸਨ । ਜਾਣ ਲੱਗਿਆਂ ਉਸ ਨੇ ਆਪਣੇ ਭਰਾ ਵੱਲ ਵੀ ਨਿਗਾਹ ਭਰ ਕੇ ਤੱਕਿਆ ਸ਼ਾਇਦ ਉਹ ਆਪਣੇ ਭਰਾ ਵੱਲੋਂ ਵੀ ਦੋ ਬੋਲ ਉਡੀਕਦਾ ਹੋਵੇ ਪਰ ਕੋਈ ਹੁੰਗਾਰਾ ਨਾ ਵੇਖ ਕੇ ਉਹ ਘਰ ਨੂੰ ਪਿੱਠ ਕਰ ਗਿਆ । ਉਸ ਦਿਨ ਮਾਤਾ ਜੀ ਦੀ ਤਬੀਅਤ ਵਿਚ ਫਰਕ ਸੀ ਉਹ ਸਾਰਾ ਦਿਨ ਬੋਲਦੇ ਰਹੇ, ਮੈਨੂੰ ਕਹਿ ਰਹੇ ਸਨ

'ਰੱਬ ਤੈਨੂੰ ਪੁੱਤ ਦੇਊ । ਮੇਰੀ ਸੀਸ ਲੱਗੂ ਤੈਨੂੰ । ਮੈਂ ਤੇਰੇ ਘਰੇ ਪੁੱਤ ਬਣ ਕੇ ਆਊਂ ।'

ਮੈਨੂੰ ਲੱਗਿਆ ਮੈਂ ਆਪਣੀ ਜ਼ਿੰਦਗੀ ਵਿਚ ਬਹੁਤ ਕਮਾਈ ਕੀਤੀ ਹੈ । ਪਰ ਅਗਲੇ ਦਿਨ ਦੀ ਅਖਬਾਰ ਨੇ ਮੇਰੀ ਸਾਰੀ ਕਮਾਈ ਮਿੱਟੀ ਵਿਚ ਮਿਲਾ ਕੇ ਰੱਖ ਦਿੱਤੀ । ਅਖਬਾਰ ਦੀ ਸੁਰਖੀ ਮਿੰਦੀ ਦੇ ਕਤਲ ਹੋਣ ਜਾਣ

To protect your family, your mortgage, or to ensure your childrens' education, for an RRSP or an annuity, contact:


AVTAR S. RANDHAWA

AVTAR S. RANDHAWA
B.A., B.T.

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

ਏ. ਡੀ. ਬਾਰੀਆ ਐਲ. ਐਲ. ਬੀ.
ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ
- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ

Arsad Dara Baria LL.B.
Lawyer
Ste. 209-6330 Fraser St., Vancouver, B.C.
Ph. 321-8300

GLOBAL IMMIGRATION SERVICES


For Further Consultation Contact
KARNAIL SINGH NAGRA
11420 GRANVILLE AVE. RICHMOND. B.C.
PH. (604) 270-2100

WE ARE PROVIDING ALL IMMIGRATION SERVICES

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming .

Any other matter regarding Immigration.

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

**Via Rail Tickets Now issued here** to U.S.A and CANADA

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

**Travel to India, Europe &**



**Anywhere in the world.**

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*

## Fourways Travel Limited

9341 - 120 St., (Scott Rd.) Delta, B.C.

**Ph. (604) 584-1411**



ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

---

AUTOPAC
PROTECTING MANITOBANS ON THE MOVE

## Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ

## ਡੋਰੀਅਨ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ • ਵਿਉਪਾਰ • ਕਾਰ ਤੇ ਟਰੱਕ • ਜੀਵਨ ਬੀਮਾ • ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
- ਬੀਮਾਰ ਹੋ ਜਾਣ ਤੇ। • ਆਟੋ ਪੈਕ ਰੀਨੀਊ ਕਰਾਉਣ ਲਈ • ਲਾਈਸੈਂਸ ਪਲੇਟਾਂ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061

## AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

---

VANCOUVER

## Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP



Contact : Sukhdev S. Saini **Ph. (604) 435-2421**

- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.

**Bride & Groom Shop**
216 E. 50th Ave. [Main St.] Vancouver
324-5662



**3333 KINGSWAY AT JOYCE, VANCOUVER, B.C.**

---

■ **BUYING** ■ **SELLING**

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

## United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S.
Medallion Club For 83-84 85-86

# ਰਵੀ ਬਨਾਮ ਵੱਢ ਖਾਣਾ ਕੁੱਤਾ

**ਸੂਫ਼ੀ ਅਮਰਜੀਤ**

ਵੈਨਕੂਵਰ ਦੇ ਇਕ ਫਿਰਕੂ ਅਖਬਾਰ ਵਿਚ ਰਵਿੰਦਰ ਰਵੀ ਰਚਿਤ ਰਚਨਾਵਾਂ ਗਾਹੇ ਬਗਾਹੇ ਛਪਦੀਆਂ ਰਹਿੰਦੀਆਂ ਹਨ । ਹਰ ਰਚਨਾ ਦਾ ਆਪਣਾ ਰੰਗ ਤਾਂ ਹੁੰਦਾ ਹੀ ਹੈ, ਪਰ ਫਿਰ ਵੀ ਰਚਨਾਵਾਂ ਨੂੰ ਕਦੀ 'ਲਾਲ' ਰੰਗ ਤੇ ਕਦੀ 'ਪੀਲਾ' ਰੰਗ ਚਾੜ੍ਹ ਦਿੰਦਾ ਹੈ। ਉਹ ਕਦੀ ਕਿਸੇ ਇਕ ਰੰਗ ਨਾਲ ਬੱਝ ਕੇ ਰਹਿਣਾ ਨਹੀਂ ਚਾਹੁੰਦਾ। ਇਨੀਂ ਦਿਨੀਂ ਉਸ ਨੇ ਦੋ ਰੰਗ ਚੁਣੇ ਹੋਏ ਹਨ ਜਿਨ੍ਹਾਂ ਦੀ ਉਹ ਕਵਿਤਾ ਵਿਚ ਗੱਲ ਕਰਦਾ ਹੈ ਲਾਲ ਰੰਗ ਨਾਲ ਨਫਰਤ ਦੀ ਗੱਲ — ਪੀਲੇ ਨਾਲ ਮੋਹ ਦੀ ਗੱਲ। ਇਹ ਰਵੀ ਦਾ ਦਰਿਸ਼ਟੀ ਕੋਨ ਹੈ ।

ਲਾਲ ਰੰਗ — ਲਾਲ ਕੱਛੀਆਂ ਨੂੰ ਚਾੜ੍ਹ ਕੇ ਅਤੇ ਪੀਲਾ — ਦਿਲ ਵਿਚ ਲੈ ਕੇ — ਪੀਲੇ ਜਰਨਲਿਜਮ ਦੇ ਘਰ ਜਾ ਵੜਦਾ ਹੈ। ਉਹ ਇਨ੍ਹਾਂ ਰੰਗਾਂ ਵਿਚ ਰੰਗੀਆਂ ਕਵਿਤਾਵਾਂ ਕੈਨੇਡਾ ਦੇ ਫਿਰਕੂ ਅਖਬਾਰ ਦੇ ਪੰਨਿਆਂ ਤੱਕ ਹੀ ਸੀਮਤ ਰੱਖਦਾ ਹੈ, ਉਨ੍ਹਾਂ ਨੂੰ ਭਾਰਤੀ ਰਸਾਲਿਆਂ ਅਖਬਾਰਾਂ ਤੋਂ ਲਾਂਭੇ ਰੱਖ ਕੇ ਉਥੇ ਹੋਰ ਕਿਸਮ ਦੀਆਂ ਅੰਤਰਮੁਖੀ ਜਾਂ ਆਤਮ ਪਰਦਰਸ਼ਨ ਦੇ ਰੂਪਾਂ ਵਿਚ ਪੇਸ਼ ਹੁੰਦਾ ਹੈ । ਇਸ ਤਰ੍ਹਾਂ ਰਵੀ ਏਥੇ ਓਥੇ ਬਦਲਵੇਂ ਰੂਪ ਵਿਚ ਪੇਸ਼ ਹੁੰਦਾ ਹੈ ।

ਇਹੋ ਰਵੀ ਦਾ ਸੰਕਟ ਹੈ ਜੋ ਉਸ ਆਪ ਸਿਰਜਿਆ ਹੈ। ਏਸੇ ਕਾਰਨ ਹੀ ਉਹ ਦੁਬਿਧਾ ਵਿਚ ਫਸਦਾ ਹੈ । ਉਸ ਨੂੰ ਸਮਝ ਨਹੀਂ ਆਉਂਦੀ ਕਿ :

ਅੱਜ ਦੇਸ਼ ਨੂੰ
ਕਿਹੜਾ ਸਿਰ ਲਾ ਕੇ ਜਾਵਾਂ ?
ਕੋਈ ਵੀ ਸਿਰ
ਰੱਖਿਆ ਦੀ ਹਾਮੀ ਨਹੀਂ ਭਰਦਾ ।

ਇਹ ਹੈ ਰਵੀ ਦੀ ਤਰਸਯੋਗ ਹਾਲਤ । ਸਭ ਬੰਦਿਆਂ ਦੇ ਇਕ ਹੀ ਸਿਰ ਹੁੰਦਾ ਹੈ ਪਰ ਕੀ ਰਵੀ ਕੋਲ ਕਈ ਸਿਰ ਹਨ ? ਏਥੇ ਮੈਨੂੰ ਭੁਲੇਖਾ ਨਹੀਂ ਪੈਂਦਾ — ਅਸਲੀਅਤ ਇਹ ਹੈ — ਕਿ ਰਵੀ ਕੋਲ ਵੀ ਕਈ ਸਿਰ ਨਹੀਂ — ਹਾਂ ਕਈ ਮਖੌਟੇ ਜ਼ਰੂਰ ਹੋਣੇ ਹਨ। ਸਿਰ ਅਤੇ ਮਖੌਟੇ ਵਿਚ ਬੜਾ ਫਰਕ ਹੈ ਪਰ ਹੋ ਸਕਦਾ ਰਵੀ ਸਿਰ ਵਿਚ ਕਈ ਹੋਣ ਜੇ ਕਰ ਉਸ ਕੋਲ ਇਕ ਹੀ 'ਸਿਰ' ਅਤੇ ਇਕ ਹੀ ਚਿਹਰਾ ਹੋਵੇ ਤਾਂ ਉਸ ਨੂੰ ਦੁਬਿਧਾ ਵਿਚ ਡਿਗਣ ਤੋਂ ਬਚਾ ਲੈਂਦਾ । ਇੰਨੀ ਦਿਨੀਂ ਉਸ ਦੀ ਇਕ ਰਚਨਾ !
ਤੈਂ ਕੀ ਦਰਦ ਨਾ ਆਇਆ ਦੇਖਣ ਵਿਚ ਆਈ ਹੈ ।

ਇਹ ਵਾਰਤਕ ਰਚਨਾ ਹੈ, ਕਵਿਤਾ ਨਹੀਂ । ਪਰ ਇਹ ਵਾਰਤਕ ਉਸ ਨੇ ਬਿੰਬਾਂ-ਪ੍ਰਤੀਬਿੰਬਾਂ ਨਾਲ ਲਹੂ ਲੁਹਾਣ ਕੀਤੀ ਹੋਈ ਹੈ। ਪਰ ਇਹੋ ਹੀ ਰਵੀ ਦਾ ਅਸਲੀ ਰੂਪ ਹੈ ਜੋ ਉਸ ਨੂੰ ਪਲ ਵਿਚ ਤੋਲਾ, ਪਲ ਵਿਚ ਮਾਸ਼ਾ, ਪਲ ਵਿਚ ਅੱਗ, ਪਲ ਵਿਚ ਬਰਫ ਬਣਾ ਜ਼ਖ ਕਰ ਦਿੰਦਾ ਹੈ ।

ਕਿਡੀ ਆਤਮ ਵਿਰੋਧੀ ਹੈ । ਇਹ ਰਵੀ ਦੀ ਰਚਨਾ ਅਤੇ ਦਸ਼ਾ । ਉਹ ਇਕ ਪਲ ਆਪਣੇ ਆਪ ਨੂੰ 'ਆਈਸ ਏਜ' (ਬਰਫ ਯੁਗ) ਵਿਚ ਸੁੰਨ ਹੋਇਆ ਕੁਲਫੀ ਬਣਿਆ ਮਹਿਸੂਸ ਕਰ ਰਿਹਾ ਹੈ । ਉਹ ਚੂਹੇ ਦੀ ਪੂਛ ਬਣਿਆ ਮੁਸਕਾਉਂਦੇ ਚੂਹੇ ਦੇ ਅਗੇ ਪਿਆ ਹੈ। ਉਸ ਦੇ ਜਿਗਰ ਵਿਚ ਸੂਲ ਖੁਭਦੀ ਹੈ — ਕੋਈ ਦਰਦ ਨਹੀਂ, ਕੋਈ ਲਹੂ ਨਹੀਂ । ਉਸ ਦੇ ਚਾਰ ਚੁਫੇਰੇ 'ਅਸੋਚ' ਦਾ ਜੰਗਲ ਹੈ —

ਦੂਜੇ ਪਲ ਉਹ ਹਰਕਤ ਵਿਚ ਹੈ : 'ਅਰਾਜਕਤਾ' ਦੇ ਜੰਗਲ ਵਿਚ ਹੈ, 'ਆਪ ਬਚਾਓ ਸਭ ਨੂੰ ਮਾਰੋ' ਉਸ ਦੇ 'ਨਾਅਰੇ' ਦੀ ਭਾਵਨਾ ਹੈ। ਸੀਸ ਤਲੀ ਤੇ ਨਿਗਾਹ ਸ਼ਾਹ ਰਗ ਤੇ ਟਿਕੀ ਹੈ — ਰਵੀ ਦੇ ਸੂਰਬੀਰਾਂ ਦੀ।

ਉਸਦੀ 'ਸੁੰਨ' 'ਅਸੋਚ' ਸੋਚ ਹੁਣ ਘੱਲੂਘਾਰੇ ਦੇ ਰੂਪ ਵਿਚ ਪਰਗਟ ਹੁੰਦੀ ਹੈ । ਗੋਲੀ ਦਾ ਸਵਾਲ ਉਠਦਾ ਹੈ । ਮਾਰਨ — ਮਰਨ ਵਾਲੇ ਦਾ ਉਠਦਾ ਹੈ । ਦੋਸ਼ੀ ਕੌਣ ਹੈ ? ਕੋਈ ਜੁਆਬ ਨਹੀਂ — ਹਾਂ ਸਾਰੇ ਹੀ ਹਨ, ਕੋਈ ਵੀ ਨਹੀਂ । ਕਿਉਂਕਿ 'ਏਕ ਨੂਰ ਤੇ ਸਭ ਜੱਗ ਉਪਜਿਆ' .... ਹੈ।

ਅਗੇ ਸਿਰਲੇਖ ਦੀ ਪੂਰੀ ਤੁੱਕ ਉਤਰ ਕੇ ਤੁਰਦੀ ਹੈ :

**"ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਕਰਦ ਨਾ ਆਇਆ !"**

ਪਹਿਲਾਂ ਜਿਗਰ ਵਿਚ ਸੂਲ ਚੁਭੀ ਕੋਈ ਦਰਦ ਨਹੀਂ। ਹੁਣ ਦਰਦ ਹੈ । ਕਾਹਦਾ ? ਦੇਸ਼ ਦਾ ! ਕਿਹੜੇ ਦੇਸ਼ ਦਾ ? ਪਰ 'ਸਿਰ' ਦੀ ਚਿੰਤਾ ਹੈ। ਕਿਹੜੇ ਸਿਰ ਦੀ ? 'ਸੁੰਨ' ਸਿਰ ਦੀ ਜਾਂ 'ਅੱਗ' ਦੇ ਸਿਰ ਦੀ। ਨਾ 'ਸੁੰਨ' ਨੂੰ ਨਾ 'ਅੱਗ' ਨੂੰ ਕੋਈ ਡਰ ਨਹੀਂ ਹੁੰਦਾ। ਸੂਰਬੀਰ ਨੂੰ ਵੀ ਕੋਈ ਡਰ - ਚਿੰਤਾ ਨਹੀਂ ਹੁੰਦੀ । ਪਰ ਸੂਰਬੀਰ ਕੌਣ ਹੁੰਦਾ ਹੈ ? ਉਹ ਨਹੀਂ ਜਿਸ ਦਾ 'ਸਿਰ ਤਲੀ ਉਪਰ' ਅਤੇ ਨਿਗਾਹ ਸ਼ਾਹ ਰਗ ਉਪਰ ਹੋਵੇ ? ਸਿਰ ਤਲੀ ਉਪਰ ਵਾਲੇ ਦੀ 'ਨਿਗਾਹ ਸ਼ਾਹ ਰਗ' ਤੇ ਕਦੀ ਨਹੀਂ ਹੁੰਦੀ। ਹਾਂ, ਸ਼ਾਹ ਰਗ ਤੇ ਨਿਗਾਹ ਵਾਲੇ ਬਾਰੇ ਭੁਲੇਖਾ ਪੈ ਸਕਦਾ ਹੈ ਕਿ ਸ਼ਾਇਦ ਇਹ 'ਸਿਰ ਤਲੀ ਉਪਰ' ਵਾਲਾ ਹੈ । ਸ਼ਾਹ ਰਗ ਉਪਰ ਨਿਗਾਹ ਕਾਤਲ ਦੀ ਹੁੰਦੀ ਹੈ, ਸ਼ਹੀਦੀ ਦੀ ਤਮੰਨਾ ਵਾਲੇ ਦੀ ਨਹੀਂ । ਉਹ ਰਹਿਮ ਦਿਲ ਹੁੰਦਾ ਹੈ, ਬਹਾਦਰ - ਸੂਰਬੀਰ ਉਹ ਕਦੀ ਜ਼ਾਲਮ, ਕਾਤਲ ਨਹੀਂ ਹੁੰਦੇ । ਉਹ ਬਹਾਦਰ ਹੁੰਦੇ ਹਨ । ਜੇ ਉਹ 'ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ" ਦੀ ਵੰਗਾਰ ਕਰ ਸਕਦੇ ਹਨ ਤਾਂ ਉਹ 'ਸੂਰਾ ਸੋ ਪਹਿਚਾਨੀਏ, ਜੋ ਲੜੇ ਦੀਨ ਕੇ ਹੇਤ' ਦਾ ਨਾਅਰਾ ਵੀ ਬੁਲੰਦ ਕਰ ਸਕਦੇ ਹਨ । ਜੋ ਬੇਗੁਨਾਹਾਂ ਦਾ ਖੂਨ ਨਹੀਂ ਡੋਲ੍ਹੇਗਾ ।

ਪਰ ਰਵੀ ਤਾਂ ਇਹ ਸਭ ਗੱਲ ਇਕ ਮਖੌਟਾ ਪਾ ਕੇ ਕਰ ਰਿਹਾ ਹੈ। ਉਹ ਇਹ ਮਖੌਟਾ ਪਾ ਕੇ ਕਿਵੇਂ ਦੇਸ਼ ਜਾ ਸਕਦਾ ਹੈ ? ਨਾ ਹੀ ਉਹ ਇਹ ਮਖੌਟਾ ਲਾਹ ਕੇ ਦੇਸ਼ ਜਾ ਸਕਦਾ ਹੈ। ਉਹ ਦੁਬਿਧਾ ਵਿਚ ਹੈ। ਉਸ ਦੀ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ। ਇਹ ਰਵੀ ਦੇ ਆਪਾ-ਵਿਰੋਧ ਦਾ ਸੰਕਟ ਹੈ

ਹੁਣ ਉਹ ਇਨ੍ਹਾਂ ਸ਼ਬਦਾਂ ਦੇ ਚੱਕਰਵੀਊ ਵਿਚੋਂ ਨਿਕਲਦਾ ਹੈ। ਪਰ ਘਬਰਾਇਆ ਚੱਕਰ ਖਾਂਦਾ ਹੋਇਆ। ਉਸ ਨੂੰ ਟੀ. ਵੀ. ਉਪਰ 'ਪਿਟਬੁੱਲ' ਇਕ 'ਵੱਢ-ਖਾਣੇ ਕੁੱਤੇ' ਦੇ ਅਦਾਲਤ ਵਿਚ ਚਲਦੇ ਕੇਸ ਦੇ ਰੂਪ ਵਿਚ, 'ਉਹ' ਭਿਆਨਕ, ਕਾਤਲ, ਅਤਿਵਾਦੀ, ਵੱਖਵਾਦੀ, ਹਿੰਸਕ, ਵਿਸਫੋਟਕ ਚਿਹਰੇ ਦਿਸਦੇ ਹਨ, ਗੋਲੀਆਂ, ਕਤਲ, ਵਿਸ਼ੈਲੀ ਰਾਜਨੀਤੀ, ਸ਼ਕਤੀ ਸੰਘਰਸ਼, ਫੁੱਟ ਅਤੇ ਮਾਨਵ ਹੀਨਤਾ ਦੀ ਕਰੂਪ ਤਸਵੀਰ (ਫਿਲਮ) ਦਿਸਦੀ ਹੈ। ਰਵੀ ਬੇ-ਬਸ ਹੈ, ਪਰ ਉਸ ਦੀ ਹਮਦਰਦੀ ਇਸ ਸਭ ਕਾਸੇ ਨਾਲ ਉਘੜਦੀ ਹੈ ।

ਉਸ ਨੂੰ 'ਵੱਢ ਖਾਣਾ ਕੁੱਤਾ' ਜਣੇ ਖਣੇ ਨੂੰ ਵਢਦਾ ਦਿਸਦਾ ਹੈ। ਪਰ ਉਸ ਨੂੰ ਇਸ ਦੀ ਸਫਾਈ ਦੇਣੀ ਪੈਂਦੀ ਹੈ ਕਿ ਇਹ 'ਵੱਢ ਖਾਣਾ ਕੁੱਤਾ' ਪਾਗਲ ਨਹੀਂ ਹੈ। ਇਸ ਦਾ 'ਅਮਰੀਕਨ-ਮਾਲਕ' (ਕਿਉਂਕਿ 'ਪਿੱਟਬੁੱਲ' ਆਮ ਕਰਕੇ ਉਤਰੀ ਅਮਰੀਕਾ ਵਿਚ ਹੀ ਹੁੰਦੇ ਹਨ) ਕੈਨੇਡੀਅਨ ਵੀ ਕਹਿ ਸਕਦੇ ਹਾਂ, ਇਸ ਦੇ ਪਾਗਲ ਨਾ ਹੋਣ ਦੇ ਸਬੂਤ ਪੇਸ਼ ਕਰਦਾ ਹੈ, ਡਾਕਟਰੀ ਮੁਇਨਾ ਕਰਵਾਉਂਦਾ ਹੈ, ਉਸ ਦਾ ਦਿਲ-ਜਾਨ ਜਿਉਂ ਹੋਇਆ ਇਹ ਵੱਢ ਖਾਣਾ ਕੁੱਤਾ। ਉਹ ਨਹੀਂ ਚਾਹੁੰਦਾ ਕਿ ਉਸ ਦੇ ਇਸ 'ਪਿਆਰੇ' ਵੱਢ ਖਾਣੇ ਕੁੱਤੇ ਨੂੰ ਅਦਾਲਤ 'ਖਤਮ' ਕਰਨ ਦਾ ਹੁਕਮ ਦੇ ਦੇਵੇ। ਉਹ ਕਹਿੰਦਾ ਹੈ, "ਇਹ ਕੁੱਤਾ ਪਾਗਲ ਨਹੀਂ, ਜ਼ਰੂਰ ਕਿਧਰੇ ਕੋਈ ਗ਼ਲਤੀ ਹੋਈ ਹੈ, ਜਿਸ ਕਰਕੇ ਉਹ ਭੜਕ ਉਠਿਆ" — ਕੁੱਤੇ ਨੇ ਡਾਕੀਆ ਪਾੜ ਖਾਧਾ ਸੀ, ਹੋਰ ਕਈ ਤੁਰੇ ਜਾਂਦੇ ਵੱਢ ਖਾਧੇ ਸਨ। ਮਾਲਕ, ਰਵੀ ਦੇ ਦਿਲ-ਦਿਮਾਗ ਵਿਚੋਂ, ਬੋਲਦਾ ਹੈ: "ਜ਼ਰੂਰ ਡਾਕੀਏ ਨੇ ਇਸ ਨਾਲ ਕੋਈ ਗੈਰ-ਮਨੁੱਖੀ ਵਿਹਾਰ ਕੀਤਾ ਹੋਵੇਗਾ ਜੋ ਉਸ ਨੂੰ ਆਤਮ ਰਖਿਆ ਲਈ ਇਹ ਸਭ ਕੁਝ ਕਰਨਾ ਪਿਆ ਹੈ । ਕੁੱਤਾ ਪਾਗਲ ਨਹੀਂ ਹੈ ।"

ਕੁੱਤਾ ਪਾਗਲ ਨਹੀਂ ਹੈ ਭਾਵ ਹਲਕਿਆ ਨਹੀਂ ਹੈ । ਠੀਕ, ਨਹੀਂ ਹੋਵੇਗਾ ! ਜਿਸਦਾ ਪਿਤਾ, ਜਿਸ ਦਾ ਪਤੀ, ਜਿਸ ਦਾ ਪੁੱਤਰ, ਜਿਸ ਦੀ ਧੀ, ਜਿਸ ਦੀ ਪਤਨੀ, ਜਿਸ ਦਾ ਬਾਬਾ, ਜਿਸ ਦਾ ਪੋਤਾ, ਇਸ ਵੱਢ ਖਾਣੇ ਕੁੱਤੇ ਨੇ ਮਾਰ ਮੁਕਾਏ ਹਨ, ਉਹ ਰਵੀ ਦੀ ਸਫਾਈ ਨਾਲ ਸਹਿਮਤ ਹੋ ਸਕਦੇ ਹਨ ਕਦੀ ਨਹੀਂ। ਪਰ ਰਵੀ ਦੀ ਸਫਾਈ, ਵੱਢ ਖਾਣੇ ਕੁੱਤੇ ਨਾਲ ਹਮਦਰਦੀ ਦੇ ਰੂਪ ਵਿਚ ਜ਼ਰੂਰ ਡੁਲ੍ਹ ਡੁਲ੍ਹ ਪ੍ਰਗਟ ਹੁੰਦੀ ਹੈ ।

ਰਵੀ ਹੁਣ ਨਿਰਪੱਖ ਹੋ ਕੇ ਨਹੀਂ, ਪੱਖਦਾਰ ਹੋ ਕੇ, ਉਤਰੀ ਅਮਰੀਕਾ ਦੀ 'ਅਦਾਲਤ' ਬਾਰੇ ਟਿੱਪਣੀ ਕਰਦਾ ਹੈ :

"ਅਦਾਲਤ ਵਿਚ ਕੁੱਤੇ ਦੀ ਸੁਰੱਖਿਆ ਲਈ, ਉਸ ਨੂੰ ਪੂਰਾ ਪੂਰਾ ਇਨਸਾਫ ਦੇਣ ਲਈ, ਕਾਨੂੰਨ ਹਰ ਕਦਮ ਅੱਖਾਂ ਖੋਲ੍ਹ ਕੇ ਪੱਟ ਰਿਹਾ ਸੀ।"

ਉਹ ਹੁਣ ਉਸ ਦੇਸ਼ ਦੀ ਗੱਲ ਕਰਦਾ ਹੈ ਜਿਥੇ ਜਾਣ ਲਈ ਉਹ ਸੋਚਦਾ ਹੈ ਕਿ "ਕਿਹੜਾ ਸਿਰ ਲਾ ਕੇ ਜਾਵਾਂ"? ਦੇਸ਼, ਜਿਸ ਦੇ ਲੋਕਾਂ ਨੂੰ ਰਵੀ ਦੇ ਵੱਢ ਖਾਣੇ ਕੁੱਤੇ ਦੇ 'ਬਿੰਬ' ਲਹੂ-ਲੁਹਾਨ ਕਰ ਰਹੇ ਹਨ। ਕੁੱਤੇ ਦਾ

(ਬਾਕੀ ਪੰਨਾ 24 'ਤੇ)

→

ਦੀ ਲੱਗੀ ਸੀ ਜਿਸ ਦੀ ਅਖੀਰਲੀ ਸਤਰ ਵਿਚ ਮੇਰੇ ਪਤੀ ਦੀ ਤਰੱਕੀ ਬਾਰੇ ਸੰਕੇਤ ਸੀ। ਮੈਂ ਸਰਦਲ 'ਤੇ ਖੜ੍ਹੀ ਅਖਬਾਰ ਨੂੰ ਵੇਖਦੀ ਅਤੇ ਤਰੱਕੀ ਬਾਰੇ ਸੋਚਦੀ ਰਹੀ ਕਿ ਮਾਤਾ ਜੀ ਨੂੰ ਕਿਹੜੀ ਖਬਰ ਦਸਾਂ ? ਕੁਝ ਚਿਰ ਪਿਛੋਂ ਇਕ ਔਰਤ ਆਪਣੇ ਛੋਟੇ ਜਿਹੇ ਬੱਚੇ ਨਾਲ ਮੇਰੇ ਦਰ 'ਤੇ ਭਰੀਆਂ ਅੱਖਾਂ ਨਾਲ ਆ ਖੜ੍ਹੀ। ਮੈਂ ਝੱਟ ਉਸ ਨੂੰ ਅੰਦਰ ਬੁਲਾਇਆ ਤੇ ਬੱਚੇ ਨੂੰ ਮਾਤਾ ਜੀ ਦੀ ਛਾਤੀ 'ਤੇ ਰੱਖਦਿਆਂ ਮੈਂ ਦੱਸਿਆ

'ਲਉ ਮਾਤਾ ਜੀ ਥੋਡੇ ਛੋਟੇ ਪੁੱਤ ਦਾ ਜੱਗ 'ਚ ਸੀਰ ਪੈ ਗਿਆ ।' ਮਾਤਾ ਜੀ ਨੇ ਬੱਚੇ ਨੂੰ ਛਾਤੀ ਨਾਲ ਲਾ ਕੇ ਸਦਾ ਲਈ ਅੱਖਾਂ ਮੀਟ ਲਈਆਂ


## ਫ਼ਾਰਮ ਕਾਮਿਆਂ ਦੀ ਲੋੜ!

ਸਾਨੂੰ ਫ਼ਾਰਮ ਵਿਚ ਕੰਮ ਕਰਨ ਵਾਲਿਆਂ ਕਾਮਿਆਂ ਦੀ ਲੋੜ ਹੈ । ਰਸਬੇਰੀ, ਸਟਰਾਅ ਬੇਰੀ, ਬਲੂ ਬੇਰੀ ਅਤੇ ਸਬਜ਼ੀਆਂ ਦੇ ਫ਼ਾਰਮ ਹਨ । ਘਰੋਂ ਲਿਜਾਣ ਅਤੇ ਘਰ ਪਹੁੰਚਾਣ ਦਾ ਪੂਰਾ ਪ੍ਰਬੰਧ ਹੈ। ਕੀਤੇ ਕੰਮ ਦੀਆਂ ਸਟੈਂਪਾਂ ਵੀ ਦਿੱਤੀਆਂ ਜਾਣਗੀਆਂ ।

**ਫਲੈਟ ਰੇਟ :**

- ਸਟਰਾਅ ਬੇਰੀ ਦੇ $3 (ਤਿੰਨ ਡਾਲਰ)
- ਰਸ ਬੇਰੀ ਦੇ $3.50 (ਸਾਢੇ ਤਿੰਨ ਡਾਲਰ)
- ਪ੍ਰਤੀ ਘੰਟਾ 4 ਡਾਲਰ

ਕੈਬਿਨਾਂ ਵਿਚ ਰਹਿਣ ਦਾ ਵੀ ਪੂਰਾ ਪ੍ਰਬੰਧ ਹੈ ।

### ਵੈਨ ਡਰਾਈਵਰ ਦੀ ਵੀ ਲੋੜ ਹੈ

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਅਮਰਜੀਤ ਕੈਂਥ (ਵੈਨਕੂਵਰ) - 430-1636** (ਸ਼ਾਮ ਦੇ 3 ਵਜੇ ਤੋਂ ਬਾਅਦ)

**ਹਰਬੰਸ ਕੈਂਥ — 826-1927**



# ACE TAX & ACCOUNTING, SERVICES LTD.

15th Anniversary Sweepstake
Details at your local
ACE Tax & Accounting Services Ltd.

| | |
|---|---|
| ਹਿਸਾਬ ਕਿਤਾਬ ਰੱਖਣਾ | Book Keeping |
| ਤਨਖਾਹ ਦਾ ਹਿਸਾਬ | Pay Roll |
| ਕੰਪਨੀ ਬਣਾਉਣਾ | Company Formation |
| ਵਪਾਰ ਲਈ ਆਮ ਸੇਵਾਵਾਂ | General Business Services |
| ਸਮਾਂ ਨੀਯਤ ਕਰਨਾ ਜ਼ਰੂਰੀ ਨਹੀਂ | No Appointment Required |
| ਸ਼ਮਸ਼ ਵਿਰਜੀ ਨੂੰ ਮਿਲੋ | See SHAMSH VIRJI |

First Prize Return Air Ticket to Delhi
Second Prize VCR Video

## ACE TAX & ACCOUNTING SERVICE LTD.

2202 Main St. (At 6th Ave.)
Vancouver, B.C. V5T 3C7
**Phone 879-9644**

Clearbrook
#5—2599 Cedar Park Place
**Ph. 852-3141**

9385—120th St.
Delta, B.C. V4C 6R9
**Phone 583-2110**

## ਐਡਵਰਟਾਇਜ਼ਮੈਂਟ ਲਈ ਫੋਨ ਕਰੋ - : 581-4473




ਨਿਰਮਲ ਸਿੰਘ ਧਾਲੀਵਾਲ

**Thinking of Buying or Selling**

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ
ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

***For The Best Selection & 100% Satisfaction***

**NIRMAL (Neil) DHALIWAL**

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

L/R LAKEVIEW REALTY LTD.
10732 KING GEORGE HWY., SURREY, B.C. V3T 2X7

**WORKING 100% FOR YOU**





## ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ਼ੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**Off. 324-6727**

**Res. 324-4160**

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅੰਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

**#201 - 2001 East 36th Ave. [at victoria]**
**Vancouver, B.C. V5P 1C9**



ਜਗਦੀਸ਼ ਸਿੰਘ B.A.LL.B. (Pb.U.).
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)



# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲੈਂਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।**

# ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.K.)
Res. 580-1822



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res: 521-5061

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।

## IMMIGRATION PROBLEMS?

**Let us assist you as we have been doing since 1946**

**Complete Immigration Service in Canada**

| | |
|---|---|
| Sponsoring Immediate Family | Investors Immigration |
| Close Relatives | Entrepreneurs Immigration |
| Independent Immigrants | Self-Employed Immigration |
| Fiance (e) Application | Family Business Immigration |
| Student Visa | Work Permit |
| Refugee Application | Retired Person Application |
| Visitors Visa | Release Hearing |
| Adoption Application | Immigration Inquiry |
| Returning Resident Permit | Immigration Appeal |
| Citizenship Application | Preparing Application Forms |
| Orphan Relatives Application | Etc.... |

FREE consultation for first interview

**Malkit Singh Parhar & Daljit Sandhu**
**IMMIGRATION CONSULTANTS**
World Wide Immigration & Documentation Services
2127 — Kingsway, Vancouver, B.C. Canada
**Off. (604) 430-6611**

# ਅੱਜ ਦੀ ਫ਼ਿਰਕਾਪ੍ਰਸਤੀ — ਹੱਲ ਕੀ ਹੈ

(ਪਰੋਫੈਸਰ ਬਿਪਨ ਚੰਦਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਹਿਸਟੋਰਿਕਲ ਸਟੀਡਜ਼ ਦੇ ਮੁਖੀ ਹਨ। ਇਨ੍ਹਾਂ ਦੀ ਰਾਇ ਬਹੁਤ ਇੱਜ਼ਤ ਨਾਲ ਸੁਣੀ ਜਾਂਦੀ ਹੈ। ਪੇਸ਼ ਹੈ ਉਨ੍ਹਾਂ ਦੀ ਵਿਕਾਸ ਪਬਲਿਸ਼ਿੰਗ ਹਾਊਸ ਵਲੋਂ ਛਪੀ ਕਿਤਾਬ 'ਕਮਿਊਨਿਲਿਜ਼ਮ ਇਨ ਮਾਡਰਨ ਇੰਡੀਆ' ਦੂਸਰੀ ਐਡੀਸ਼ਨ, 1987 ਪੇਪਰਬੈਕ ਦੇ ਅਖੀਰੀ ਅਧਿਆਇ ਉੱਤੇ ਅਧਾਰਤ ਇਕ ਸੁਆਲ ਜਵਾਬ ਦਾ ਸਿਲਸਿਲਾ। — ਸੰਪਾਦਕ)

ਸ: — ਫ਼ਿਰਕੂ ਮਹੌਲ ਨੂੰ ਦੇਖਦਿਆਂ, ਇਹ ਦੱਸੋ, ਭਾਰਤ ਦਾ ਭਵਿਖ ਕਿਹੋ ਜਿਹਾ ਹੋਵੇਗਾ?

ਜ: — ਲਾਚਾਰਗੀ ਅਤੇ ਆਸ-ਹੀਣਤਾ ਦੇ ਅਹਿਸਾਸਾਂ ਤੋਂ ਉਪਰ ਉਠ ਕੇ ਦੇਖੀਏ, ਤਾਂ ਕਹਿਣਾ ਪਏਗਾ ਕਿ ਫਿਰਕੂ ਵੰਗਾਰ ਨੂੰ ਕਬੂਲ ਕਰਨ ਲਈ ਸਭ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਇਹ ਮੰਨ ਲਈਏ ਕਿ ਇਹ ਇਕ ਲੰਮੀ ਲੜਾਈ ਹੈ। ਕਈ ਦਹਾਕਿਆਂ ਅਤੇ ਕਈ ਪੀੜ੍ਹੀਆਂ ਵਿਚ ਪਈਆਂ ਗੰਢਾਂ ਝਟ ਪਟ ਸੁਲਝ ਨਹੀਂ ਸਕਦੀਆਂ। ਅਜਿਹੇ ਝਟ ਪਟ ਦੇ ਹੱਲ — ਸੰਧੀਆਂ, ਰਾਜ਼ੀਨਾਵੇਂ ਅਤੇ ਅਕੌਰਡ — ਮਸਲੇ ਨੂੰ ਸਗੋਂ ਪੇਚੀਦਾ ਬਣਾ ਸਕਦੇ ਹਨ। ਜੇ ਭਾਰਤੀ ਸਮਾਜ ਦਾ ਫਿਰਕੂਕਰਨ 100 ਸਾਲਾਂ ਵਿਚ ਹੋਇਆ ਹੈ ਤਾਂ ਅਫਿਰਕੂਕਰਨ ਦਾ ਵੀ ਤਾਂ ਇਕ ਸਿਲਸਿਲਾ ਹੀ ਹੋਵੇਗਾ। ਦਿਲਚਸਪੀ ਦੀ ਗੱਲ ਹੈ, ਕਿ ਜਾਤ ਪਾਤ ਦੇ ਮਸਲੇ, ਗਰੀਬੀ ਦੇ ਮਸਲੇ ਜਾਂ ਜਮਾਤੀ ਘੋਲ ਦੇ ਮਸਲੇ ਦਾ ਕੋਈ ਝਟ ਪਟ ਹੱਲ ਲੱਭਣ ਦਾ ਹੀਲਾ ਨਹੀਂ ਕਰਦਾ — ਇਥੇ ਅਸੀਂ ਸਿਆਸੀ, ਆਰਥਕ, ਸਮਾਜਕ ਅਤੇ ਵਿਚਾਰਧਾਰਕ ਸਿਲਸਿਲਿਆਂ ਵੱਲ ਰੁਖ ਕਰਦੇ ਹਾਂ।

ਫਿਰਕੂ ਮਸਲੇ ਬਾਰੇ ਪਿਛਲੀਆਂ ਗਲਤੀਆਂ ਤੋਂ ਸਾਨੂੰ ਸਬਕ ਲੈਣੇ ਚਾਹੀਦੇ ਹਨ ਤਾਂ ਜੋ ਅਸੀਂ ਵਧੇਰੀ ਸਮਝ ਨਾਲ ਅਤੇ ਵਿਗਿਆਨਕ ਤਰੀਕੇ ਨਾਲ ਇਸ ਮਸਲੇ ਦਾ ਹੱਲ ਲੱਭ ਸਕੀਏ।

ਸ:— ਬਰਤਾਨਵੀਂ ਸ਼ਾਸਕ ਰਾਜ ਕਾਇਮ ਰਖਣ ਲਈ ਫਿਰਕੂ ਪਾੜੇ ਪਾਉਂਦੇ ਸਨ, ਕੀ ਅੱਜ ਦੀ ਰਾਜ ਸ਼ਕਤੀ ਵੀ ਇੰਝ ਹੀ ਕਰਦੀ ਹੈ?

ਜ:— ਵੱਡਾ ਫਰਕ ਹੈ। ਬਰਤਾਨਵੀਂ ਹਾਕਮ ਫਿਰਕੂ ਤਾਕਤਾਂ ਦੇ ਵੱਡੇ ਸਮਰਥਕ ਸਨ। ਆਜ਼ਾਦ ਭਾਰਤ ਰਾਜ ਸ਼ਕਤੀ ਬੁਨਿਆਦੀ ਤੌਰ ਉਤੇ ਧਰਮ ਨਿਰੱਖ ਹੈ ਅਤੇ ਫਿਰਕਾਪ੍ਰਸਤੀ ਦੀ ਵਿਰੋਧੀ ਵੀ ਹੈ। ਇਵੇਂ ਹੀ, ਹਾਕਮ ਸਿਆਸੀ ਪਾਰਟੀ, ਕਾਂਗਰਸ, ਅਤੇ ਬਹੁਤੀਆਂ ਵੱਡੀਆਂ ਭਾਰਤ ਪੱਧਰ ਦੀਆਂ ਪਾਰਟੀਆਂ — ਕਮਿਊਨਿਸਟ, ਸੋਸ਼ਲਿਸਟ, ਸਵਤੰਤਰ, ਨਾਰਾਜ਼ ਕਾਂਗਰਸੀਏ, ਜਨਤਾ ਅਤੇ ਲੋਕਦਲ, ਯਾਨੀ ਰ. ਸ. ਸ., ਬੀ. ਜੇ. ਪੀ. ਅਤੇ ਮੁਸਲਿਮ ਲੀਗ ਦੇ ਇਲਾਵਾ ਸਾਰੀਆਂ — ਧਰਮ ਨਿਰਪੇਖ ਰਹੀਆਂ ਹਨ। **ਪਰ ਭਾਰਤੀ ਰਾਜ ਸ਼ਕਤੀ ਦੀ ਅਤੇ ਬਹੁਤੀਆਂ ਸਿਆਸੀ ਪਾਰਟੀਆਂ ਦੀ ਧਰਮ ਨਿਰਪੇਖਤਾ ਦੀ ਕਿਸਮ ਵੱਖੋ ਵੱਖਰੀ ਡਿਗਰੀ ਦੀ ਕਮਜ਼ੋਰੀ ਵਾਲੀ ਰਹੀ ਹੈ। ਅਸਲ ਵਿਚ, ਇਨ੍ਹਾਂ ਦੀ ਧਰਮ ਨਿਰਪੇਖਤਾ ਕਦੇ ਹੀ ਤਕੜੀ ਰਹੀ ਹੋਵੇਗੀ।**

ਇਸ ਤੋਂ ਇਲਾਵਾ, ਫਿਰਕਾਪ੍ਰਸਤੀ ਨੇ ਰਾਜ ਦੇ ਪ੍ਰਬੰਧਕੀ ਢਾਂਚੇ ਵਿਚ ਵੱਡੀਆਂ ਸੰਨ੍ਹਾਂ ਪਾ ਲਈਆਂ ਹਨ। ਸਰਕਾਰ ਦੇ ਕਈ ਅਫ਼ਸਰ ਅਤੇ ਵਿਚਲੇ ਪੱਧਰ ਦੇ ਨੇਤਾਵਾਂ ਖੁੱਲ੍ਹੇਆਮ ਜਾਂ ਲੁਕੇ ਛਿਪੇ ਜਾਂ ਫਿਰਕਾਪ੍ਰਸਤੀ ਨਾਲ ਸਮਝੌਤਾ ਕਰ ਲਿਆ ਹੈ ਜਾਂ ਉਸ ਦਾ ਸਮਰਥਨ ਕੀਤਾ ਹੈ ਅਤੇ ਕਈ ਵਾਰ ਆਪ ਵੀ ਫਿਰਕਾਪ੍ਰਸਤ ਹੋਏ ਹਨ। ਨਾ ਕੇਂਦਰੀ ਨਾ ਸੂਬਾਈ ਸਰਕਾਰਾਂ ਨੇ ਫਿਰਕਾਪ੍ਰਸ਼ਤੀ ਦਾ ਵਿਗਿਆਨਕ ਢੰਗ ਨਾਲ ਮੁਕਾਬਲਾ ਕੀਤਾ ਹੈ, ਖਾਸਕਰ ਹਾਕਮ ਪਾਰਟੀ ਕਾਂਗਰਸ ਨੇ। ਨਾ ਇਨ੍ਹਾਂ ਦੇ ਮੁਕਾਬਲੇ ਵਿਚ ਗਰਮਜੋਸ਼ੀ ਜਾਂ ਆਪਾ-ਵਾਰੂ ਸਿਫਤ ਸੀ। ਇਨ੍ਹਾਂ ਕਈ ਵਾਰ ਸਿਆਸਤ ਵਿਚ ਧਰਮ ਦੇ ਦਖਲ ਨੂੰ ਇਜਾਜ਼ਤ ਦਿਤੀ ਹੈ ਸਗੋਂ ਕਈ ਵਾਰ ਤਾਂ ਹੱਲਾਸ਼ੇਰੀ ਵੀ ਦਿੱਤੀ ਹੈ। ਇਹਨਾਂ ਮੌਕਾਪ੍ਰਸਤੀ ਅਧੀਨ ਫਿਰਕੂ ਪਾਰਟੀਆਂ ਨਾਲ ਸਮਝੌਤੇਬਾਜ਼ੀ ਕੀਤੀ ਹੈ ਸਗੋਂ ਉਨ੍ਹਾਂ ਨਾਲ ਇਕਮੁਠ ਵੀ ਹੋਏ ਹਨ ਜਿਵੇਂ ਕੇਰਲਾ ਵਿਚ ਮੁਸਲਿਮ ਲੀਗ ਅਤੇ ਪੰਜਾਬ ਵਿਚ ਅਕਾਲੀ ਦਲ ਨਾਲ। ਇੰਝ ਹੀ ਕਈ ਧਰਮ ਨਿਰਪੇਖ ਗੁੱਟਾਂ ਅਤੇ ਪਾਰਟੀਆਂ ਨੇ ਰ. ਸ. ਸ. ਅਤੇ ਜਨ-ਸੰਘ ਨਾਲ ਸਾਂਝਾਂ ਪਾਉਣ ਤੋਂ ਗੁਰੇਜ਼ ਨਹੀਂ ਸੀ ਕੀਤੀ। **ਪਰ ਫੇਰ ਵੀ ਇਹ ਗੱਲ ਬਹੁਤ ਅਹਿਮੀਅਤ ਰਖਦੀ ਹੈ ਕਿ ਇਹ ਪਾਰਟੀਆਂ ਖੁਦ ਫਿਰਕਾਪ੍ਰਸਤ ਨਹੀਂ ਰਹੀਆਂ ਹਨ।** ਇਹੀ ਤੱਥ ਹਿੰਦੂ ਫਿਰਕਾਪ੍ਰਸਤੀ ਦੇ ਰਾਹ ਦਾ ਵੱਡਾ ਰੋੜਾ ਬਣਿਆ ਰਿਹਾ ਹੈ, ਉਸ ਨੂੰ ਹੜ੍ਹ ਵਾਂਗ ਅੱਗੇ ਵਧਣੋਂ ਰੋਕਦਾ ਰਿਹਾ ਹੈ, ਅਤੇ ਇਸੇ ਕਰਕੇ ਅੱਜ ਭਾਰਤ ਬੁਨਿਆਦੀ ਤੌਰ ਉਤੇ ਧਰਮ ਨਿਰਪੇਖ ਹੈ ਪਰ ਇਸ ਨਾਲ ਫਿਰਕਾਪ੍ਰਸਤੀ, ਖਾਸਕਰ ਇਸ ਦਾ ਸਭ ਤੋਂ ਘਿਨਾਉਣਾ ਰੂਪ, ਫਿਰਕੂ ਦੰਗੇ ਨਹੀਂ ਰੁਕੇ।

ਸ:— ਪੰਜਾਬ ਵਿਚਲੀ ਫਿਰਕਾਪ੍ਰਸਤੀ ਨੂੰ ਕੌਣ ਪਾਲਦਾ ਹੈ?

ਜ:— 1947 ਤੋਂ ਬਾਅਦ ਫਿਰਕਾਪ੍ਰਸਤੀ ਦੇ ਸਮਾਜਕ, ਜਮਾਤੀ ਖਾਸੇ ਵਿਚ ਵੱਡੀ ਤਬਦੀਲੀ ਆ ਗਈ ਹੈ। ਪਹਿਲਾਂ, ਫਿਰਕਾਪ੍ਰਸਤੀ, ਜਾਗੀਰਦਾਰੀ ਜਮਾਤ ਅਤੇ ਉਸ ਦੇ ਲਾਣੇ ਬਾਣੇ ਦੇ, ਵਪਾਰੀਆਂ ਅਤੇ ਸ਼ਾਹੂਕਾਰਾਂ ਦੇ, ਅਤੇ ਨਵ-ਅਮੀਰਾਂ ਦੇ ਇਕ ਹਿੱਸੇ ਦੇ ਅਤੇ ਬਰਤਾਨਵੀਂ ਸ਼ਾਸਕਾਂ ਦੇ ਹਿਤ ਪੂਰੇ ਕਰਦੀ ਸੀ। ਜਗੀਰਦਾਰੀ ਜਮਾਤਾਂ ਅਤੇ ਉਸ ਦਾ ਲਾਣਾ ਬਾਣਾ ਟੁੱਟ ਕੇ, ਸਰਮਾਏਦਾਰ ਕਿਸਾਨਾਂ ਅਤੇ ਅਮੀਰ ਕਿਰਸਾਨੀ ਵਿਚ ਰਲਦਾ ਰਿਹਾ ਹੈ, ਜੋ ਅਜ ਪੰਜਾਬ ਦੀ ਫਿਰਕਾਪ੍ਰਸਤੀ ਦੀ ਤਕੜੀ ਧਿਰ ਹਨ। ਮੁਲਕ ਦੇ ਬਾਕੀ ਹਿੱਸਿਆਂ ਵਿਚੋਂ ਵੀ ਇਹੋ ਤਬਕਾ ਫਿਰਕੂ ਅਤੇ ਜਮਾਤੀ ਪਾੜੇ ਪਾਈ ਰੱਖਣ ਦੀਆਂ ਕੋਸ਼ਿਸ਼ਾਂ ਵਿਚ ਰਹਿੰਦਾ ਹੈ ਤਾਂ ਜੋ ਉਸਦੀ ਸਰਬ-ਉਚਤਾ ਆਪਣੇ ਫਿਰਕੇ ਦੀਆਂ ਬਾਕੀ ਜਮਾਤਾਂ ਉਤੇ ਕਾਇਮ ਰਹੇ। ਸ਼ਾਹੂਕਾਰ ਤੇ ਵਪਾਰੀ ਅਜੇ ਵੀ ਸਾਰੇ ਭਾਰਤ ਵਿਚ ਫਿਰਕਾਪ੍ਰਸਤੀ ਨੂੰ ਪਾਲਣ ਵਾਲਿਆਂ ਵਿਚ ਆਉਂਦੇ ਹਨ। ਪੰਜਾਬ ਵਿਚ ਅਜੇ ਵੀ, ਫਿਰਕਾਪ੍ਰਸਤੀ ਜਮਾਤੀ ਘੋਲ ਦਾ ਹੀ ਇਕ ਵਿਗੜਿਆ ਹੋਇਆ ਰੂਪ ਹੈ। ਖੇਤ ਮਜ਼ਦੂਰਾਂ ਅਤੇ ਅਮੀਰ ਕਿਸਾਨਾਂ-ਸਰਮਾਏਦਾਰ ਕਿਸਾਨਾਂ ਅਤੇ ਭੂਮੀ-ਮਾਲਕਾਂ ਵਿਚਲੇ ਜਮਾਤੀ ਘੋਲ ਦਾ ਝੁਕਾਅ ਹੁੰਦਾ ਹੈ ਕਿ ਉਹ ਜਾਤ-ਪਾਤ ਅਤੇ ਫਿਰਕੂ ਘੋਲ ਵਿਚ ਵੱਟ ਜਾਂਦਾ ਹੈ। ਪੰਜਾਬ ਵਿਚ ਇਹੋ ਹੋ ਰਿਹਾ ਹੈ। ਭਾਰਤੀ ਬੁੱਧੀਜੀਵੀ ਵਰਗ ਆਮ ਤੌਰ 'ਤੇ ਫਿਰਕਾਪ੍ਰਸਤ-ਵਿਰੋਧੀ ਹੈ ਜਾਂ ਘੱਟੋ-ਘਟ ਫਿਰਕਾਪ੍ਰਸਤੀ ਦਾ ਹਿਮਾਇਤੀ ਨਹੀਂ ਹੈ, ਭਾਵੇਂ, ਜਦ ਫਿਰਕੂ ਤਾਕਤਾਂ ਜ਼ੋਰ ਫੜ ਜਾਂਦੀਆਂ ਹਨ ਤਾਂ ਇਹ ਉਨ੍ਹਾਂ ਦੇ ਖਿਲਾਫ ਖਲੋਣ ਜੋਗਾ ਨਹੀਂ ਹੁੰਦਾ ਹੈ। ਪੰਜਾਬ ਦਾ ਉਦਾਹਰਣ ਇਸ ਪੱਖੋਂ ਵੀ ਪੂਰਾ ਬੈਠਦਾ ਹੈ।

ਸ:— ਕੀ ਭਾਰਤੀ ਸਰਮਾਏਦਾਰੀ ਫਿਰਕਾਪ੍ਰਸਤੀ ਨੂੰ ਸਮਰਥਨ ਨਹੀਂ ਦੇਂਦੀ?

⟶




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

*AUTHORIZED AGENTS FOR:*
AIR CANADA
BRITISH AIRWAYS
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES.
CATHAY PACIFIC



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE **1-800-663-6699** (B.C. & ALBERTA)

Prices are subject to change without notice

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive, Capilano Mall, N. Vancouver

1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ

321-4353

MANN SHOE STORE
6570 MAIN ST., VANCOUVER, B.C.

(ਪੰਨਾ 21 ਦੀ ਬਾਕੀ)

ਮਾਲਕ, ਦੇਸ਼ ਦਾ 'ਮਾਲਕ' ਵੀ ਲੋਕਾਂ ਦਾ ਹਮਦਰਦ ਨਹੀਂ। "ਮੇਰਾ ਦੇਸ਼ ਜਿਥੇ ਹਰ ਰੋਜ਼ ਝੂਠੇ ਪੁਲਸ ਮੁਕਾਬਲਿਆਂ ਵਿਚ ਅਨੇਕਾਂ ਬੇਦੋਸ਼ੇ, ਕਾਨੂੰਨ ਸ਼ਕਤੀ ਅਤੇ ਸਰਕਾਰ ਦੇ ਨਾਮ ਉਤੇ ਦਿਨ ਦਿਹਾੜੇ ਕਤਲ ਕਰ ਦਿਤੇ ਜਾਂਦੇ ਹਨ।"

ਹਰ ਕੋਈ ਆਖੇਗਾ, ਕਹਿਰ ਹੈ, ਗਲਤ ਹੈ, ਬੇਇਨਸਾਫੀ ਹੈ, ਕੌਣ ਸਿਰ ਵਾਲਾ ਇਨਕਾਰ ਕਰੇਗਾ, ਪਰ ਜਿਸ ਦਾ ਇਕ ਹੀ ਸਿਰ ਹੋਵੇਗਾ, ਦੋ ਅੱਖਾਂ ਇਕੋ ਵੇਲੇ ਸਾਹਮਣੇ ਦੇਖ ਸਕਦੀਆਂ ਹੋਣਗੀਆਂ, ਉਹ ਸਾਰੀ ਤਸਵੀਰ ਨੂੰ ਦੇਖੇਗਾ, ਉਸ ਦੇ ਇਕ ਕੋਨੇ ਉਪਰ ਹੀ ਨਜ਼ਰ ਗੱਡ ਕੇ ਨਹੀਂ ਬੈਠਾ ਦੇਖੇਗਾ।

ਰਵੀ ਇਹ ਸਭ ਕੁਝ ਦੋਵੇਂ ਹੱਥਾਂ ਨਾਲ, ਮਖੌਟਾ ਢੱਕ ਕੇ, ਘੋੜੇ ਦੀ ਐਨਕ ਬਣਾਉਂਦਾ ਹੋਇਆ, ਇਕ ਪਾਸੇ ਹੀ ਦੇਖ ਕੇ ਕਹਿ ਰਿਹਾ ਹੈ "ਕੁੱਤਾ ਪਾਗਲ ਨਹੀਂ ਹੈ।"

ਉਸ ਨੂੰ ਨਾ ਤਾਂ 'ਕੁੱਤੇ ਨੂੰ ਇਨਸਾਫ' ਦੇਣ ਵਾਲੇ ਕਾਨੂੰਨ ਦਾ ਉਹ ਰੂਪ ਦਿਸਦਾ ਹੈ ਜੋ ਕਾਨੂੰਨੀ ਹੱਕਾਂ ਦੇ ਤਹਿਤ, ਹੱਕ-ਇਨਸਾਫ ਪ੍ਰਾਪਤੀ ਲਈ ਕੀਤੀਆਂ ਹੜਤਾਲਾਂ, ਉਸ ਦੁਆਰਾ ਹੀ 'ਗੈਰ-ਕਾਨੂੰਨੀ' ਕਰਾਰ ਦਿੱਤੀਆਂ ਜਾਂਦੀਆਂ ਹਨ, ਜਿਸ ਦੇ 'ਕਾਨੂੰਨ' ਨੇ ਇਨਸਾਫ ਦੇਣਾ ਹੈ, ਨਾ ਹੀ ਸੁਪਰੀਮ ਕੋਰਟ ਵਲੋਂ ਇਸਤਰੀ ਦੇ 'ਗਰਭ-ਪਾਤ' ਬਾਰੇ ਦਿਤੇ ਫੈਸਲੇ ਨੂੰ, 'ਹਾਕਮ' ਲਾਗੂ ਕਰਨ ਤੋਂ ਇਨਕਾਰ ਕਰਦੇ ਨਜ਼ਰ ਆਉਂਦੇ ਹਨ। ਉਸ ਨੂੰ ਨਾ ਹੀ ਬਿਲ-19 ਅਤੇ ਬਿੱਲ-20 ਦੇ ਕਾਨੂੰਨ ਬਣ ਜਾਣ ਨਾਲ, ਕਾਨੂੰਨ ਅਨੁਸਾਰ ਮਜ਼ਦੂਰਾਂ - ਅਧਿਆਪਕਾਂ (ਰਵੀ ਆਪ ਇਕ ਅਧਿਆਪਕ ਹੈ) ਦੇ ਹੱਕਾਂ ਉਪਰ ਛੁਰੀ ਚਲਦੀ ਦਿਸੀ ਹੈ।

ਰਵੀ ਨੂੰ ਹਰ ਰੋਜ਼ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਬੇਗੁਨਾਹ ਟੱਬਰਾਂ ਦੇ ਟੱਬਰ ਮੌਤ ਦੇ ਘਾਟ ਉਤਾਰੇ ਜਾਂਦੇ ਨਜ਼ਰ ਨਹੀਂ ਆ ਰਹੇ। ਉਸ ਨੂੰ ਬੇਗੁਨਾਹਾਂ, ਔਰਤਾਂ, ਬੱਚੇ ਕਤਲ ਕੀਤੇ ਜਾ ਰਹੇ, ਦਿਸ ਨਹੀਂ ਰਹੇ। ਕੀ ਉਸ ਨੂੰ ਦੇਸ਼ ਭਗਤ, ਕਮਿਊਨਿਸਟ, ਧਾਰਮਿਕ ਆਗੂ, ਪਰਚਾਰਕ, ਬੱਚੇ, ਇਸਤਰੀਆਂ, ਸੰਤ, ਵਿਦਿਆਰਥੀ, ਹਿੰਦੂ, ਸਿੱਖ, ਅਕਾਲੀ, ਕਾਂਗਰਸੀ, ਹਰੀਜਨਾਂ ਦੇ ਗੈਰ ਇਨਸਾਨੀ ਕਤਲਾਂ ਬਾਰੇ ਕੁਝ ਵੀ ਪਤਾ ਨਹੀਂ ਹੈ? ਕਿਉਂਕਿ ਉਸ ਨੇ ਹਾਲੇ ਉਹ ਸਿਰ, ਜੋ ਹਰ ਬੰਦੇ ਕੋਲ ਇਕੋ ਹੀ ਹੁੰਦਾ ਹੈ, ਅਸਲੀਅਤ ਦੇਖਣ ਲਈ ਵਰਤਿਆ ਨਹੀਂ ਹੈ। ਉਸ ਸਿਰ ਨੂੰ ਅਣਲੱਗ ਹੀ ਰੱਖ ਛੱਡਣ ਦਾ ਕੀ ਲਾਭ ਹੈ! (ਨਿਰਪੱਖ ਪੁਰਖ ਦੀ ਸਿਰਜਨਾ ਕਦੋਂ ਹੋਵੇਗੀ?)

"ਕੁੱਤੇ ਨੂੰ ਨਿਰਪੱਖ ਇਨਸਾਫ ਹਾਸਲ ਕਰਨ ਦਾ ਪੂਰਾ ਪੂਰਾ ਹੱਕ ਹਾਸਿਲ ਹੈ।" ਠੀਕ ਹੈ ਰਵੀ ਜੀ! ਪਰ ਜਿਨ੍ਹਾਂ ਦੇ ਟੱਬਰ ਦੇ ਜੀਅ ਜੋ ਇਨਸਾਨ ਹਨ, ਮਿਹਨਤਕਸ਼ ਹਨ, ਵੱਢ ਖਾਣੇ ਕੁੱਤੇ ਨੇ ਮਾਰ ਮੁਕਾਏ ਹਨ, ਉਨ੍ਹਾਂ ਨੂੰ ਇਨਸਾਫ ਮੰਗਣ ਦਾ ਵੀ ਕੋਈ ਹੱਕ ਹੈ? ਉਹ ਹੁਣ ਤੱਕ ਚੌਕੀਦਾਰਾਂ ਉਪਰ ਹੀ ਟੇਕ ਲਾਈ ਬੈਠੇ ਹਨ। ਹਲਕਿਆਂ ਕੁੱਤਿਆਂ ਨੂੰ ਤਾਂ ਸਾਰਾ ਪਿੰਡ ਹੀ ਡਾਂਗਾਂ ਸੋਟੇ ਲੈ ਕੇ ਜੇ ਪੈ ਜਾਵੇ ਤਾਂ ਹੀ ਗੱਲ ਬਣਦੀ ਹੈ।

ਜਾਪਦਾ ਹੈ 'ਕੁੱਤਾ' ਅਤੇ 'ਚੌਕੀਦਾਰ' ਰਲੇ ਹੋਏ ਹਨ! ਚੌਕੀਦਾਰ ਉਪਰ ਤੈਨੂੰ ਭਰੋਸਾ ਪਹਿਲਾਂ ਹੀ ਨਹੀਂ, ਵੱਢ ਖਾਣੇ ਕੁੱਤੇ ਬਾਰੇ ਮੁੜ ਸੋਚ ਲੈ!!

# ਪੁਸਤਕ ਮੇਲੇ 'ਚ ਪੰਜਾਬੀ ਲੇਖਕ ਸ਼ਾਮਲ

## ਗਿ: ਕੇਸਰ ਸਿੰਘ ਵੀ ਸ਼ਾਮਲ ਹੋਏ

ਨਵੀਂ ਦਿੱਲੀ — ਅੱਠਵੇਂ ਨਵੀਂ ਦਿੱਲੀ ਵਿਸ਼ਵ ਪੁਸਤਕ ਮੇਲੇ ਦੇ ਅਖੀਰਲੇ ਦਿਨ ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ ਵਲੋਂ ਪ੍ਰਗਤੀ ਮੈਦਾਨ ਨਵੀਂ ਦਿੱਲੀ ਦੇ ਐਡਮਨਿਸਟਰੇਟਿਵ ਬਲਾਕ ਵਿਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸਹਿਯੋਗ ਨਾਲ 'ਪੰਜਾਬੀ ਲੇਖਕਾਂ ਨਾਲ ਇਕ ਸ਼ਾਮ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ 100 ਤੋਂ ਵੱਧ ਲੇਖਕ ਤੇ ਪ੍ਰਕਾਸ਼ਕ ਸ਼ਾਮਲ ਹੋਏ। 8ਵੇਂ ਵਿਸ਼ਵ ਪੁਸਤਕ ਮੇਲੇ ਵਾਂਗ ਇਹ ਸਮਾਗਮ ਵੀ ਕੌਮਾਂਤਰੀ ਮੇਲਾ ਹੋ ਨਿਬੜਿਆ। ਸਮਾਗਮ ਦੀ ਪ੍ਰਧਾਨਗੀ ਡਾ. ਹਰਿਭਜਨ ਸਿੰਘ ਨੇ ਕੀਤੀ। ਪੰਜਾਬ ਤੋਂ ਡਾ. ਕੁਲਬੀਰ ਸਿੰਘ ਕਾਂਗ, ਡਾ. ਰਤਨ ਸਿੰਘ ਜੱਗੀ, ਡਾ. ਹਰਭਜਨ ਸਿੰਘ, ਆਤਮਜੀਤ ਸਿੰਘ, ਰਾਮ ਸਰੂਪ ਅਣਖੀ, ਸੁਰਜੀਤ ਸਿੰਘ ਭਾਟੀਆ, ਸੁਰਜੀਤ ਪਾਤਰ, ਮਨਜੀਤ ਟਿਵਾਣਾ ਨੇ ਭਾਗ ਲਿਆ। ਪਾਕਿਸਤਾਨ ਤੋਂ ਆਏ ਜਨਾਬ ਅਫਜ਼ਲ ਅਹਿਸਨ ਰੰਧਾਵਾ ਤੇ ਸਿਬਤੁਲ ਹਸਨ ਜੈਗਮ ਤੇ ਵਿਦੇਸ਼ ਤੋਂ ਆਏ ਗਿਆਨੀ ਕੇਸਰ ਸਿੰਘ ਵੀ ਸਮਾਗਮ ਵਿਚ ਮੌਜੂਦ ਸਨ। ਦਿੱਲੀ ਤੋਂ ਅਜੀਤ ਕੌਰ, ਬਚਿੰਤ ਕੌਰ, ਡਾ. ਮਹਿੰਦਰ ਕੌਰ ਗਿੱਲ, ਕੁਲਦੀਪ ਬੱਗਾ, ਪ੍ਰਭਜੋਤ ਕੌਰ, ਪ੍ਰੀਤਮ ਸਿੰਘ ਸਫੀਰ, ਨਰਿੰਦਰਪਾਲ ਸਿੰਘ, ਮਹਿੰਦਰ ਸਿੰਘ ਸਰਨਾ, ਦੇਵਿੰਦਰ ਸਤਿਆਰਥੀ, ਡਾ. ਮਹੀਪ ਸਿੰਘ, ਡਾ. ਐਸ ਐਸ ਉਪਲ, ਹਰਨਾਮ ਦਾਸ ਸਹਿਰਾਈ, ਲੋਚਨ ਬਖਸ਼ੀ, ਗੁਰਬਚਨ ਸਿੰਘ ਭੁੱਲਰ, ਤਾਰਾ ਸਿੰਘ ਕਾਮਿਲ, ਡਾ. ਗੁਰਦੇਵ ਰੁਪਾਣਾ, ਡਾ. ਅਜੀਤ ਸਿੰਘ, ਰਾਜ ਗਿੱਲ, ਨਵਤੇਜ ਪੁਆਧੀ, ਡਾ. ਮਨਜੀਤ ਸਿੰਘ, ਹਰਚਰਨ ਸਿੰਘ ਸੋਬਤੀ, ਇਕਬਾਲਦੀਪ ਤੇ ਗੁਰਬਚਨ ਸਿੰਘ (ਆਰਸੀ) ਸ਼ਾਮਲ ਹੋਏ।

'ਅਸੀਂ ਚਾਹੀਏ ਤਾਂ ਆਪਣੇ ਸਾਰੇ ਕੰਮ ਕਰਦੇ ਹੋਏ
ਵੀ
ਈਸ਼ਵਰ ਵੱਲ ਧਿਆਨ ਲੱਗਾ ਸਕਦੇ ਹਾਂ।'
'ਮੈਂ ਉਸ ਧਰਮ ਅਤੇ ਈਸ਼ਵਰ ਵਿਚ ਵਿਸ਼ਵਾਸ
ਨਹੀਂ ਕਰਦਾ
ਜੋ ਵਿਧਵਾ ਦੇ ਹੰਝੂ ਪੂੰਝਣ ਜਾਂ ਅਨਾਥਾਂ ਨੂੰ ਰੋਟੀ ਦੇਣ
ਵਿਚ ਅਸਮਰਥ ਹੈ।'

ਸਵਾਮੀ ਵਿਵੇਕਾਨੰਦ


ਉਤਰੀ ਅਮਰੀਕਾ ਦਾ ਪਹਿਲਾ ਤੇ ਨਿਰੋਲ ਪੰਜਾਬੀ ਸਾਹਿਤਕ ਮਾਸਕ ਪੱਤਰ

**ਕਲਮ**

- ਸਾਲਾਨਾ ਚੰਦਾ 15 ਡਾਲਰ
- ਜੇ ਕੋਈ ਸੱਜਣ ਇੰਡੀਆ, ਇੰਗਲੈਂਡ ਜਾਂ ਹੋਰ ਕਿਸੇ ਦੇਸ਼ ਨੂੰ ਪਰਚਾ ਭਿਜਵਾਉਣਾ ਚਾਹੁੰਦਾ ਹੋਵੇ ਤਾਂ ਪਰਚੇ ਦਾ ਚੰਦਾ 25 ਡਾਲਰ ਹੋਵੇਗਾ।

**ਚੰਦੇ ਦਾ ਫ਼ਾਰਮ**

I am enclosing a ☐ cheque ☐ M.O. ☐ Draft as my Subscription for the year(s)....... I may be sent the magazine at the following address:

Name.....................................................
Address..................................................
City.....................................................
Province.................................................
Postal code..............................................
PHONE.

ਰਚਨਾਵਾਂ ਤੇ ਚੰਦੇ ਅੱਜ ਹੀ ਭੇਜੋ

ਭੇਜਣ ਦਾ ਪਤਾ :

The KALAM Monthly
P.O.BOX 67344 Stn. '0'
Vancouver, B.C., Canada V5W 3T1



ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

**ਮੋਨੀਕਾ ਵੀਡੀਓ**

ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ.

**ਫ਼ੋਨ ਕਰੋ : ਪਾਲ ਮੋਦਗਿੱਲ**

**627-1637**



"FOR ALL YOUR PRINTING NEEDS"

**dhannu printing co. ltd.**

Printers ☐ Lithographers

English Wedding Cards and other Printing at reasonable rates

**ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ
ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ
ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916

10281 - 133A St., SURREY, B.C. V3T 4A1





ਜਰਨੈਲ ਸਿੰਘ ਸਰਾਂ

ਮਕਾਨ ਖ਼ਰੀਦਣ ਜਾਂ ਵੇਚਣ ਲਈ
ਤਜਰਬੇਕਾਰ ਸੇਲਜ਼ਮੈਨ ਦੇ ਤਜਰਬੇ ਦਾ ਲਾਭ ਉਠਾਓ
ਅੱਜ ਹੀ

**ਜਰਨੈਲ ਸਿੰਘ ਸਰਾਂ** ਨੂੰ ਫ਼ੋਨ ਕਰੋ

ਫ਼ੋਨ : 585-4888
ਘਰ : 590-0413

For Professional Market Evaluation and Consultation

**Jarnail S. Saran**

Bus: 585-4888 Res: 590-0413

9320 Scott Road (120 St.) Surrey, B.C. V3V 4B8





Editor: Darshan Kaur Bains

ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ

**274-1213**

ਪਤਾ:

Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ

ਜ:— ਸਿਵਾਇ ਪੈਟੀ ਬੁਰਜੂਆ ਜਮਾਤ ਦੇ, ਜਿਸ ਵਿਚ ਰੋਜ਼ ਕਿਰਸਾਨੀ ਅਤੇ ਮਜ਼ਦੂਰ ਜਮਾਤ ਦੇ ਬੱਚੇ ਸ਼ਾਮਿਲ ਹੋ ਰਹੇ ਹਨ, 1947 ਤੋਂ ਬਾਅਦ ਫਿਰਕਾਪ੍ਰਸਤੀ ਨੂੰ ਕਿਸੇ ਵੀ ਇਕ ਪ੍ਰਮੁਖ ਜਮਾਤ ਤੋਂ ਗਿਣਨ ਯੋਗ ਸਮਰਥਨ ਨਹੀਂ ਮਿਲਿਆ ਹੈ। ਖਾਸ ਕਰ, ਇਹ ਅਸੀਂ ਨਹੀਂ ਕਹਿ ਸਕਦੇ ਕਿ ਭਾਰਤੀ ਸਰਮਾਏਦਾਰੀ ਤੋਂ ਇਸ ਨੂੰ ਉਸ ਕਿਸਮ ਦੀ ਤਕੜੀ ਸਮਾਜਕ ਮਦਦ ਮਿਲਦੀ ਰਹੀ ਹੈ ਜਾਂ ਮਿਲੇਗੀ ਜਿਹੋ ਜਿਹੀ ਜਾਗੀਰਦਾਰ ਜਾਂ ਅਰਧ ਜਗੀਰੂ ਜਮਾਤਾਂ ਫਿਰਕਾਪ੍ਰਸਤੀ ਨੂੰ ਦੇਂਦੀਆਂ ਸਨ। ਭਾਰਤੀ ਸਰਮਾਏਦਾਰੀ ਜਿਵੇਂ 1947 ਤੋਂ ਪਹਿਲਾਂ ਮਹਿਸੂਸ ਕਰਦੀ ਸੀ, ਅੱਜ ਵੀ ਉਵੇਂ ਹੀ ਮਹਿਸੂਸ ਕਰਦੀ ਹੈ ਕਿ ਉਸ ਨੂੰ ਕੌਮੀ ਏਕਤਾ ਅਤੇ ਯਕਯਹਿਤੀ ਦੀ ਲੋੜ ਹੈ ਅਤੇ ਫਿਰਕਾਪ੍ਰਸਤੀ (ਅਤੇ ਜਾਤਵਾਦ) ਭਾਰਤ ਦੇ ਸਰਮਾਏਦਾਰੀ ਲੀਹਾਂ ਉਤੇ ਹੋਣ ਵਾਲੇ ਆਰਥਕ, ਸਮਾਜਕ ਅਤੇ ਸਿਆਸੀ ਵਿਕਾਸ ਦੇ ਰਾਹ ਦਾ ਰੋੜਾ ਹੈ। ਫਿਰਕਾਪ੍ਰਸਤੀ ਅਤੇ ਜਾਤਵਾਦ ਨੂੰ ਫੈਲਾਉਣ ਵਿਚ ਇਸ ਦਾ ਹੱਥ ਬਹੁਤ ਘੱਟ ਹੈ, ਜੋ ਹੈ ਉਹ ਵੀ ਕੁਝ ਸਮਾਜਕ ਤੌਰ 'ਤੇ ਪਿਛਾਂਹ-ਖਿਚੂ ਧੜਿਆਂ ਅਤੇ ਸ਼ਖਸੀਅਤਾਂ ਤਕ ਸੀਮਿਤ ਹੈ। ਵੱਡੀ ਗਿਣਤੀ ਵਿਚ ਇਸ ਦੇ ਹਾਵੀ ਧੜੇ ਅਤੇ ਜਮਾਤੀ ਨੇਤਾ ਸਮਝਦੇ ਹਨ ਕਿ ਅਜੇ ਸਮਾਂ ਨਹੀਂ ਆਇਆ ਕਿ ਇਹ ਜਮਾਤ ਸਿਰਫ ਫਿਰਕਾਪ੍ਰਸਤੀ (ਜਾਂ ਜਾਤਵਾਦ) ਦੀ ਮਦਦ ਨਾਲ ਹੀ ਜਿਊਂਦੀ ਰਹਿ ਸਕਦੀ ਹੈ। ਇਸ ਲਈ, ਫਿਰਕਾਪ੍ਰਸਤੀ ਅਤੇ ਜਾਤਵਾਦ ਦੇ ਖਿਲਾਫ ਸਿਆਸੀ ਅਤੇ ਵਿਚਾਰਧਾਰਕ ਘੋਲ ਦਾ ਕੋਈ ਵੀ ਅਜਿਹਾ ਵਿਸ਼ਲੇਸ਼ਣ ਜਾਂ ਦਾਅਪੇਚ, ਜੋ ਇਹ ਮੰਨ ਕੇ ਤੁਰੇਗਾ ਕਿ ਇਹ ਸਰਮਾਏਦਾਰੀ ਜਮਾਤ ਦਾ ਵਿਚਾਰਧਾਰਕ ਔਜ਼ਾਰ ਹੈ, ਗਲਤ ਹੋਵੇਗਾ। ਇਸ ਲਈ ਇਹ ਸਿਆਸੀ ਤੌਰ ਉਤੇ ਬਾਂਝ ਹੋਵੇਗਾ।

ਪਰ ਇਹ ਵੀ ਨਹੀਂ ਅਸੀਂ ਕਹਿ ਸਕਦੇ ਕਿ ਸਰਮਾਏਦਾਰ ਜਮਾਤ ਦਾ ਫਿਰਕਾਪ੍ਰਸਤੀ ਵਲ ਇਹ ਵਤੀਰਾ ਹਮੇਸ਼ਾ ਰਹੇਗਾ। ਜਪਾਨ ਤੋਂ ਜਰਮਨੀ ਤੱਕ ਦਾ ਤਜਰਬਾ ਦੱਸਦਾ ਹੈ ਕਿ ਸਰਮਾਏਦਾਰ ਜਮਾਤ ਜਦ ਸਿਆਸੀ ਅਤੇ ਆਰਥਕ ਮੰਦਹਾਲੀ ਦੀ ਜਕੜ ਵਿਚ ਆ ਜਾਂਦੀ ਹੈ ਅਤੇ ਉਸ ਦੇ ਢਹਿ ਪੈਣ ਦਾ ਖਤਰਾ ਹੁੰਦਾ ਹੈ ਤਾਂ ਫਿਰਕੂ ਕਿਸਮ ਦੀ ਫਾਸ਼ਿਸਟ ਵਿਚਾਰਧਾਰਾ ਹੀ ਸਵੈ ਬਚਾਓ ਲਈ ਉਸ ਦਾ ਅਖੀਰੀ ਦਾਅਪੇਚ ਹੁੰਦੀ ਹੈ। ਅਖੀਰਲੀ ਡਿਫੈਂਸ ਲਾਈਨ। ਇਸ ਲਈ ਫਿਰਕਾਪ੍ਰਸਤੀ ਦੇ ਵਿਰੁਧ ਕੋਈ ਵੀ ਦਾਅ ਪੇਚ ਬਣਾਂਦਿਆਂ ਇਸ ਸੰਭਾਵਨਾ ਨੂੰ ਅਖੋਂ ਓਹਲੇ ਨਹੀਂ ਕਰਨਾ ਚਾਹੀਦਾ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਅਸੀਂ ਢੋਕ ਵਜਾ ਕੇ ਨਾ ਇਹ ਕਹਿ ਸਕਦੇ ਹਾਂ ਕਿ ਭਾਰਤੀ ਸਰਮਾਏਦਾਰੀ ਫਿਰਕਾਪ੍ਰਸਤੀ ਨੂੰ ਪਾਲਦੀ ਹੈ ਨਾ ਇਹ ਕਹਿ ਸਕਦੇ ਹਾਂ ਕਿ ਅਗੋਂ ਕਦੇ ਪਾਲੇਗੀ ਵੀ ਨਹੀਂ।

ਸ:— ਜੇ ਅਜੇ ਫਿਰਕੂਪੁਣੇ ਦੇ ਪਲ੍ਹਰਣ ਦੀ ਨੀਤੀ ਨਹੀਂ ਹੈ ਤਾਂ ਫੇਰ ਉਹ ਪਲ੍ਹਰ ਕਿਵੇਂ ਰਿਹਾ ਹੈ?

ਜ:— ਹਾਲਾਂਕਿ ਆਜ਼ਾਦ-ਭਾਰਤ ਦੀ ਨੀਤੀ ਬੁਨਿਆਦੀ ਤੌਰ ਉਤੇ ਫਿਰਕਾਪ੍ਰਸਤੀ ਦੀ ਹਿਮਾਇਤੀ ਨਹੀਂ ਰਹੀ ਹੈ, ਪਰ ਸਮਾਜਕ-ਆਰਥਕ ਢਾਂਚੇ ਦਾ ਪ੍ਰਤੱਖ ਨਿਚੋੜ ਇਹ ਰਿਹਾ ਹੈ ਕਿ ਫਿਰਕਾਪ੍ਰਸਤੀ ਨੂੰ ਫੈਲਣ ਲਈ ਜ਼ਮੀਨ ਮਿਲਦੀ ਰਹੀ ਹੈ। ਇਹ ਇਕ ਖਾਸ ਸਮਾਜ ਦੇ ਖਾਸ ਹਾਲਾਤ ਅਤੇ ਆਰਥਕਤਾ ਵਲੋਂ ਪੇਸ਼ ਹੋਈ ਇਕ ਅਜਿਹੀ ਔਕੜ ਹੈ ਜਿਸ ਦਾ ਕਾਰਨ ਸਮਝਣਾ ਲੋਕਾਂ ਨੂੰ ਔਖਾ ਲਗਦਾ ਹੈ। ਕਈ ਵਾਰ ਨਿੱਜੀ ਅਤੇ ਸਮਾਜਕ ਮੰਦਹਾਲੀ ਦੇ ਟੋਏ ਵਿਚੋਂ ਨਿਕਲਣ ਲਈ ਲੋਕ ਜੋ ਕੋਸ਼ਿਸ਼ ਕਰਦੇ ਹਨ ਉਹ ਫਿਰਕਾਪ੍ਰਸਤੀ ਦੀ ਸ਼ਕਲ ਲੈ ਲੈਂਦੀ ਹੈ। ਅਜਿਹਾ ਕਰਦਿਆਂ ਉਨ੍ਹਾਂ ਨੂੰ ਇਹ ਸਮਝ ਨਹੀਂ ਹੁੰਦੀ ਕਿ ਹਾਲਾਤ ਕੀ ਹੈ ਅਤੇ ਕਿਉਂ ਹੈ। **ਫਿਰਕਾਪ੍ਰਸਤ ਬਹੁਤੀ ਵਾਰ ਅਜਿਹੇ ਇਨਸਾਨ ਹੁੰਦੇ ਹਨ ਜੋ ਆਪਣੇ ਆਸ ਪਾਸ ਦੀ ਦੁਨੀਆਂ ਨੂੰ ਸਮਝ ਨਹੀਂ ਸਕਦੇ ਅਤੇ ਨਿਰਾਸ਼ਾ ਅਤੇ ਉਤਸ਼ਾਹਹੀਣਤਾ ਦਾ ਸ਼ਿਕਾਰ ਹੁੰਦੇ ਹਨ।** ਇਹ ਤਾਂ ਜ਼ਾਹਿਰ ਹੈ ਕਿ ਫਿਰਕਾਪ੍ਰਸਤੀ ਨਾ ਤਾਂ ਸਮਾਜਕ ਹਾਲਾਤ ਦਾ ਸਹੀ ਜਾਇਜ਼ਾ ਹੁੰਦੀ ਹੈ ਨਾ ਸਹੀ ਹੱਲ। ਪਰ ਇਸ ਦੇ ਨਾਲ ਹੀ, ਇਸ ਦੇ ਪਿੱਛੇ ਇਕ ਸਮਾਜਕ ਹਾਲਾਤ ਹੈ, ਜਿਸ ਦੀ ਬਦਮਗਜ਼ੀ ਦੇ ਧੂੰਏਂ ਨੂੰ ਇਹ ਰਾਹ ਦੇਂਦੀ ਹੈ, ਜਿਸ ਦੇ ਬਗ਼ੈਰ ਫਿਰਕਾਪ੍ਰਸਤੀ ਨੇ ਏਨਾ ਚਿਰ ਜਿਊਣਾ ਨਹੀਂ ਸੀ; ਅਤੇ ਜਦ ਤੱਕ ਉਹ ਸਮਾਜਕ ਹਾਲਾਤ ਠੀਕ ਨਹੀਂ ਕੀਤੇ ਜਾਂਦੇ ਜਾਂ ਉਨ੍ਹਾਂ ਨੂੰ ਠੀਕ ਕਰਨ ਦੀਆਂ ਕੋਸ਼ਿਸ਼ਾਂ ਨਹੀਂ ਕੀਤੀਆਂ ਜਾਂਦੀਆਂ, ਫਿਰਕਾਪ੍ਰਸਤੀ ਅਤੇ ਜਾਤਵਾਦ ਵਰਗੀਆਂ ਵਿਚਾਰਧਾਰਾਵਾਂ ਵਧਦੀਆਂ ਫੁੱਲਦੀਆਂ ਰਹਿਣਗੀਆਂ। ਇਸ ਲਈ ਪੱਕਾ ਹੱਲ ਤਾਂ ਸਮਾਜਕ ਹਾਲਤ ਵਿਚ ਸੁਧਾਰ ਕਰਨ ਵਿਚ ਹੀ ਲੁਕਿਆ ਹੈ।

ਪਰ ਦੋ ਗੱਲਾਂ ਹੋਰ ਨਾਲ ਹੀ ਕਹਿਣੀਆਂ ਪੈਣਗੀਆਂ।

(1) ਉਪਰ ਦਿੱਤੇ ਵਿਸ਼ਲੇਸ਼ਣ ਨੂੰ ਲੈ ਕੇ (ਕਿ ਫਿਰਕਾਪ੍ਰਸਤੀ ਸਮਾਜਕ ਢਾਂਚੇ ਦੇ ਅਸਾਂਵੇਪਣ ਦੀ ਹੀ ਪੈਦਾਵਾਰ ਹੈ) ਅਸੀਂ ਢੋਅ ਲਾ ਕੇ ਨਹੀਂ ਬੈਠ ਸਕਦੇ ਕਿਉਂਕਿ **ਹਾਲਾਂਕਿ ਫਿਰਕਾਪ੍ਰਸਤੀ ਵਿਸ਼ੇਸ਼ ਸਮਾਜਕ ਹਾਲਾਤ ਦੀ ਪੈਦਾਵਾਰ ਹੁੰਦੀ ਹੈ, ਉਸ ਹਾਲਾਤ ਨੂੰ ਬਦਲਣ ਵਾਸਤੇ ਵੀ ਫਿਰਕਾਪ੍ਰਸਤੀ ਦੀ ਮੁਖਾਲਫ਼ਤ ਕਰਨੀ ਪਏਗੀ ਅਤੇ ਇਸ ਨੂੰ ਮੇਟਣਾ ਪਏਗਾ, ਨਹੀਂ ਤਾਂ ਉਹ ਸਮਾਜਕ ਹਾਲਾਤ ਬਦਲੀ ਨਹੀਂ ਜਾ ਸਕਦੀ।**

(2) ਫ਼ਿਰਕਾਪ੍ਰਸਤੀ ਦਾ ਸਮਾਜਕ ਵਿਸ਼ੇਲੇਸ਼ਣ ਕਰਨ ਦਾ ਇਹ ਅਰਥ ਨਹੀਂ ਹੈ ਕਿ ਅਸੀਂ ਇਸ ਵਿਸ਼ਲੇਸ਼ਣ ਨੂੰ ਇਸ ਲਈ ਵਰਤੀਏ, ਜਿਵੇਂ ਕਈ ਲੋਕ ਵਰਤਦੇ ਹਨ, ਕਿ ਹੁਣ ਫ਼ਿਰਕਾਪ੍ਰਸਤੀ ਨਾਲ ਗਰਮਜੋਸ਼ੀ ਨਾਲ ਲੜਾਈ ਲੈਣ ਦੀ ਕੋਈ ਲੋੜ ਨਹੀਂ ਹੈ। **ਆਖਰੀ ਹੱਲ ਲਈ ਲੜਨ ਲਈ ਸਾਨੂੰ ਫਿਰਕਾਪ੍ਰਸਤੀ ਨਾਲ ਵੀ ਲੜਨਾ ਪਏਗਾ, ਹੁਣੇ, ਇਸੇ ਵੇਲੇ।**

ਮਿਨੀ ਕਹਾਣੀ

## ਦੋਹਰੀ ਮਾਰ

ਰਣਜੀਤ ਮਾਧੋਪੁਰੀ

"ਲੱਖਿਆ?" ਜ਼ਬਰਦਸਤੀ ਘਰ ਵਿਚ ਆ ਵੜੇ ਦੋ ਸਟੇਨਗੰਨ ਵਾਲਿਆਂ ਦੀ ਕੜਕਦੀ ਆਵਾਜ਼ ਨੇ ਉਹਦੀ ਮਿੱਟੀ ਹਿਲਾ ਕੇ ਰੱਖ ਦਿੱਤੀ

"ਜੀ ਹਜ਼ੂਰ।"

"ਮੰਜੇ ਡਾਹ।"

'ਲਓ ਮਾਲਕੋ, ਹੋਰ ਹੁਕਮ ਕਰੋ।" ਉਹ ਹੱਥ ਬੰਨ੍ਹ ਕੇ ਥਰ ਥਰ ਕੰਬਦਾ ਹੋਇਆ ਉਨ੍ਹਾਂ ਦੇ ਸਾਹਮਣੇ ਖਲੋ ਗਿਆ।

"ਪੰਜਾਂ-ਸੱਤਾਂ ਬੰਦਿਆਂ ਦੀ ਰੋਟੀ ਪਾਣੀ ਦਾ ਪ੍ਰਬੰਧ ਕਰ ਜਲਦੀ, ਨਹੀਂ ਤਾਂ ਲੱਖ ਲੱਖ ਰੁਪਏ ਦੇ ਇਨਾਮੀਆਂ ਨੂੰ ਤੇਰਾ ਘੋਗਾ ਚੁੱਕ ਦੇਣ ਵਿਚ ਕੋਈ ਉਜਰ ਨਹੀਂ ਹੋਵੇਗਾ।" "ਲਓ ਮਾਲਕੋ, ਤੁਸੀਂ ਬੈਠੋ, ਪੰਜ ਮਿੰਟਾਂ 'ਚ ਸਭ ਕੁਝ ਤਿਆਰ ਹੋ ਜਾਵੇਗਾ।"

ਵਾਹੋ ਦਾਹੀ ਸਾਰਾ ਟੱਬਰ ਉਨ੍ਹਾਂ ਦੀ ਆਓ ਭਗਤ ਵਿਚ ਜੁੱਟ ਗਿਆ। ਆਂਢੀਆਂ ਗੁਆਂਢੀਆਂ ਦੇ ਦਾਲ-ਭਾਜੀ ਇਕੱਠੀ ਕੀਤੀ।

ਅਗਲੇ ਦਿਨ ਥਾਣੇ 'ਚ ਸੂਚਨਾ ਮਿਲੀ ਕਿ ਨਾਲ ਦੇ ਪਿੰਡ ਲੱਖਾ ਸਿੰਘ ਦੇ ਘਰ ਰਾਤੀਂ ਪੰਜ-ਸੱਤ ਅਤਿਵਾਦੀ ਰੋਟੀ-ਪਾਣੀ ਛਕ ਕੇ ਗਏ ਨੇ। ਥਾਣੇਦਾਰ ਪੂਰੀ ਗਾਰਦ ਨਾਲ ਪਿੰਡ ਆ ਧਮਕਿਆ।

"ਲੱਖਿਆ?" ਥਾਣੇਦਾਰ ਦੀ ਕੜਕਦੀ ਆਵਾਜ਼ ਨਾਲ ਉਹ ਥਰ ਥਰ ਕੰਬਣ ਲਗ ਪਿਆ।

"ਜੀ ਹਜ਼ੂਰ।"

"ਕੁਰਸੀਆਂ ਡਾਹ।"

ਲਓ ਮਾਲਕੋ, ਹੋਰ ਕੋਈ ਹੁਕਮ?" ਉਹ ਰਾਤ ਵਾਂਗ ਹੀ ਹੱਥ ਬੰਨ੍ਹ ਕੇ ਪੁਲੀਸ ਅੱਗੇ ਖਲੋ ਗਿਆ।

"ਤਿੰਨ ਚਾਰ ਬੋਤਲਾਂ ਤੇ ਪੰਜ-ਛੇ ਮੁਰਗਿਆਂ ਦਾ ਪ੍ਰਬੰਧ ਕਰ, ਨਹੀਂ ਤਾਂ ਅਤਿਵਾਦੀਆਂ ਨੂੰ ਸ਼ਹਿ ਦੇਣ ਦੇ ਜੁਰਮ ਵਿਚ ਤੈਨੂੰ ਅੰਦਰ ਕਰਨ ਵਿਚ ਮੈਨੂੰ ਕੋਈ ਖਾਸ ਉਜਰ ਨਹੀਂ ਕਰਨਾ ਪਵੇਗਾ।" ਵਾਹੋਦਾਹੀ ਉਹ ਸਰਕਾਰ ਲਈ ਰੋਟੀ-ਪਾਣੀ ਦਾ ਪ੍ਰਬੰਧ ਕਰਨ ਲਈ ਘਰ ਵੱਲ ਭੱਜਾ।

● ਇਕ ਵਾਰੀ ਸਾਰੇ ਸ਼ਹਿਰ ਦੇ ਚੂਹੇ ਸ਼ਹਿਰ ਤੋਂ ਬਾਹਰ ਨੱਠਣ ਲੱਗੇ। ਇਕ ਨਾਗਰਿਕ ਨੇ ਉਹਨਾਂ ਨੂੰ ਪੁਛਿਆ ਤਾਂ ਇਕ ਚੂਹੇ ਨੇ ਕਿਹਾ- ਸ਼ਹਿਰ ਵਿਚ ਇਕ ਹਾਥੀ ਦਾ ਖੂਨ ਹੋ ਗਿਆ ਹੈ ਤੇ ਪੁਲਸ ਸਾਡੇ ਤੇ ਸ਼ੱਕ ਕਰ ਰਹੀ ਹੈ।

● ਪਤਨੀ- (ਆਪਣੇ ਪਤੀ ਨੂੰ) ਕੀ ਤੂੰ ਕਦੇ ਸੋਚਿਆ ਕਿ ਜੇ ਤੇਰੀ ਸ਼ਾਦੀ ਕਿਸੇ ਹੋਰ ਨਾਲ ਹੋ ਜਾਂਦੀ ਤਾਂ ਚੰਗਾ ਹੁੰਦਾ।

ਪਤੀ - ਨਹੀਂ ਮੈਂ ਭਲਾ ਕਿਸੇ ਦਾ ਬੁਰਾ ਕਿਉਂ ਸੋਚਾਂ। ਪਰ ਇਹ ਖਿਆਲ ਕਦੇ ਕਦੇ ਦਿਲ ਵਿਚ ਆਉਂਦਾ ਹੈ ਕਿ ਕਾਸ਼ ਤੂੰ ਬੁਢਾਪੇ ਤੱਕ ਕੁਆਰੀ ਹੀ ਰਹਿੰਦੀ।


FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

ਫਰੀ ਡਲਿਵਰੀ — 20 ਡਾਲਰ ਤੋਂ ਵੱਧ ਆਰਡਰ ਨਾਲ

ਡਲਿਵਰੀ ਚਾਰਜ 1.99 (20 ਡਾਲਰ ਤੋਂ ਘੱਟ ਆਰਡਰ ਨਾਲ)

6591 Fraser St. (at 50th & Fraser) Vancouver, B.C. V5X 3T4 Ph. 327-7455

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਭਾਰਤੀ ਮਠਿਆਈਆਂ ਵੀ ਮਿਲਦੀਆਂ ਹਨ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ



Now In addition to

Serving the Community — with their Life Insurance needs since 1970

For all your real estate needs at



Dayspring Realty

● This Week's Special ●

● 10 ਏਕੜ ਰਸਬੇਰੀ ਫਾਰਮ ਅਤੇ 5 ਬੈਡ ਰੂਮ ਦਾ ਘਰ ਐਲਡਰਗਰੋਵ ਵਿਚ ਚੰਗੀ ਸਸਤੀ ਕੀਮਤ 'ਤੇ

● ਐਲਡਰਗਰੋਵ ਵਿਚ ਟਾਊਨ ਹਾਊਸ 3 ਬੈਡ ਰੂਮ, ਡੇਢ ਬਾਥਰੂਮ, ਕਿਚਨ, ਲਾਂਡਰੀ ਤੇ ਮੇਨ ਫਲੋਰ - 1250 ਸੁਕੇਅਰ ਫੁੱਟ ਹੈ ਕੀਮਤ ਕੇਵਲ $49,900.000

● $74,900 ਤੋਂ $79,900 ਤੱਕ ਤਿੰਨ ਬੈਡ ਰੂਮ ਵਾਲੇ ਅਤੇ ਪੂਰੀ ਬੇਸਮੈਂਟ ਬਣੀ ਵਾਲੇ ਕਈ ਘਰ ਵਿਕਾਊ ਹੈਨ

One big Luxurious, spacious house in new subdivision over 3000 Sq. Ft. in Clearbrook
Price only $127,000

#21 - 31940 South Fraser Way, Clearbrook, B.C.

Ph. (604) 853-8114 [24 hours] Direct Toll Free Pager 1-979-2638




# ਚੰਗੀ ਫਿਲਮ ਦੀ ਉਡੀਕ 'ਚ ਪੂਨਮ

ਪੂਨਮ ਢਿੱਲੋਂ ਦਾ ਕੱਦ ਪੰਜ ਫੁੱਟ ਪੰਜ ਇੰਚ ਹੈ ਤੇ ਉਹ ਫਿਲਮਾਂ ਵਿਚ ਵੀ ਚੰਗਾ ਕੱਦ ਕੱਢ ਆਈ ਹੈ । ਉਹਦਾ ਭਾਰ 52 ਕਿਲੋ ਹੈ ਅਤੇ ਜੇਕਰ ਉਸ ਦੀਆਂ ਆ ਚੁੱਕੀਆਂ ਫਿਲਮਾਂ ਤੇ ਆ ਰਹੀਆਂ ਫਿਲਮਾਂ ਨੂੰ ਜੋੜ ਕੇ ਦੇਖੀਏ ਤਾਂ ਇਹ ਗਿਣਤੀ ਵੀ 52 ਦੇ ਆਸਪਾਸ ਪੁੱਜ ਜਾਂਦੀ ਹੈ।

ਰੱਜਵੀਂ ਸ਼ੋਹਰਤ ਮਿਲਣ ਦੇ ਬਾਵਜੂਦ ਪੂਨਮ ਢਿੱਲੋਂ ਦੇ ਮਨ ਅੰਦਰ ਇਕ ਗਹਿਰੀ ਉਦਾਸੀ ਹੈ । ਇਹ ਉਦਾਸੀ ਹੈ ਚੰਗੀ ਫਿਲਮ ਨਾ ਮਿਲ ਸਕਣ ਦੀ। ਉਸ ਦਾ ਕਹਿਣਾ ਹੈ ਕਿ ਹੁਣ ਤੱਕ ਦੀਆਂ ਫਿਲਮਾਂ 'ਚ ਉਸ ਦੀ ਆਪਣੀ ਪਸੰਦ ਦੀ ਫਿਲਮ ਸਿਰਫ 'ਨੂਰੀ' ਸੀ ਜਿਸ ਵਿਚ ਸਹੀ ਮਾਅਨਿਆਂ 'ਚ ਅਭਿਨੈ ਦਿਖਾਉਣ ਦਾ ਮੌਕਾ ਮਿਲਿਆ ਤੇ ਜਾਂ ਫੇਰ ਏਸ ਨਜ਼ਰੀਏ ਤੋਂ ਥੋੜ੍ਹੀ ਜਿਹੀ ਚੰਗੀ ਫਿਲਮ ਸੀ 'ਇਕ ਚਾਦਰ ਮੈਲੀ ਸੀ' ਪਰ ਸਮੁੱਚੇ ਰੂਪ 'ਚ ਇਸ ਫਿਲਮ ਦੀ ਪ੍ਰਸ਼ੰਸਾ ਮਿਲੀ ਹੇਮਾ ਮਾਲਿਨੀ ਨੂੰ । ਪੂਨਮ ਢਿੱਲੋਂ ਦੀ ਸਭ ਤੋਂ ਪਹਿਲੀ ਫਿਲਮ 'ਤ੍ਰਿਸ਼ੂਲ' ਸੀ । 'ਨੂਰੀ' ਤੇ ਆ ਕੇ ਉਸ ਦਾ ਨੋਟਿਸ ਲਿਆ ਗਿਆ ਇਸ ਦਾ ਡਾਇਰੈਕਟਰ ਮਨਮੋਹਨ ਕ੍ਰਿਸ਼ਨ ਸੀ। ਹਾਲਾਂ ਕਿ 'ਸੋਹਣੀ ਮਹੀਂਵਾਲ' ਤੇ 'ਤੇਰੀ ਮੇਹਰਬਾਨੀਆਂ' ਆਦਿ ਪੂਨਮ ਦੀਆਂ ਫਿਲਮਾਂ ਹਿੱਟ ਵੀ ਹੋਈਆਂ ਪਰ ਉਹਦੀ ਧੁਰ ਅੰਦਰੋਂ ਇੱਛਾ ਹੈ ਕਿ ਕੋਈ ਆਰਟ ਫਿਲਮ ਮਿਲੇ, ਕਿਸੇ ਸਾਰਥਕ ਫਿਲਮ 'ਚ ਆਵੇ । ਅਜੇ ਉਹਦੀ ਇਹ ਤਮੰਨਾ ਪੂਰੀ ਹੁੰਦੀ ਨਜ਼ਰ ਨਹੀਂ ਆਉਂਦੀ ।

ਇਸ ਸਮੇਂ ਪੂਨਮ ਢਿੱਲੋਂ ਫਿਲਮ ਜਗਤ ਦੀਆਂ ਪਹਿਲੀਆਂ ਦਸ ਅਭਿਨੇਤਰੀਆਂ 'ਚੋਂ ਗਿਣੀ ਜਾਂਦੀ ਹੈ। ਉਸ ਦੀਆਂ ਆਉਣ ਵਾਲੀਆਂ ਫਿਲਮਾਂ ਵਿਚ 'ਉਸਤਾਦ', 'ਕਸਮ', 'ਬਟਵਾਰਾ', 'ਦੇਸ਼ਵਾਸੀ', 'ਮੁੱਹਬਤ ਕੀ ਆਗ' ਤੇ 'ਮਾਲਾਮਾਲ' ਹਨ । ਆਮ ਅਭਿਨੇਤਰੀਆਂ ਤੋਂ ਉਲਟ ਪੂਨਮ ਢਿੱਲੋਂ ਨੂੰ ਘੱਟ ਬੋਲਣ ਦੀ ਆਦਤ ਹੈ ਪਰ ਆਮ ਅਭਿਨੇਤਰੀਆਂ ਵਾਂਗ ਉਹ ਆਪਣੀ ਪ੍ਰਸ਼ੰਸਾ ਆਪ ਕਰਨ ਦੀ ਆਦੀ ਹੈ ।









## ਸੰਜੇ ਕਿੰਜ ਸੋਚਦਾ ਹੈ

ਨਿਰਮਾਤਾ ਨਿਰਦੇਸ਼ਕ ਤੇ ਸਾਬਕਾ ਅਭਿਨੇਤਾ ਸੰਜੇ ਖਾਨ ਦਾ 'ਡਾਇਰੀ' ਲਿਖਣ ਦਾ ਸੁਭਾਅ ਹੈ। ਦਿਨ ਦੇ ਕੰਮ ਕਾਜ ਨਾਲ ਉਹ ਕਿੰਨਾ ਵੀ ਥੱਕ-ਟੁੱਟ ਕੇ ਚੂਰ ਕਿਉਂ ਨਾ ਹੋਇਆ ਹੋਵੇ ਤੇ ਰਾਤਾਂ ਦੀਆਂ ਮਹਿਫ਼ਲਾਂ ਵਿਚ ਕਿੰਨਾ ਵੀ ਸਮਾਂ ਕਿਉਂ ਨਾ ਬਿਤਾ ਆਵੇ ਪਰ ਬਿਸਤਰੇ 'ਚ ਵੜਨ ਸਮੇਂ ਉਹ ਪਹਿਲਾ ਕੰਮ 'ਡਾਇਰੀ' ਲਿਖਣ ਦਾ ਕਰਦਾ ਹੈ । ਇਸ ਵਿਚ ਸੰਜੇ ਖਾਨ ਦੀਆਂ ਆਪਣੇ ਆਪ ਨਾਲ ਕੀਤੀਆਂ ਗੱਲਾਂ ਵੀ ਹੁੰਦੀਆਂ, ਹੋਰਨਾਂ ਕਲਾਕਾਰਾਂ ਬਾਰੇ ਟਿੱਪਣੀਆਂ ਵੀ ਤੇ ਉਦਾਸੀ, ਖੁਸ਼ੀ ਦੇ ਪਲਾਂ ਦਾ ਜ਼ਿਕਰ ਵੀ । ਪੇਸ਼ ਹਨ ਉਹਦੀ ਡਾਇਰੀ ਦੀਆਂ ਕੁਝ ਕਾਤਰਾਂ :

ਅੰਮ੍ਰਿਤਾ ਸਿੰਘ ਬੜੀ ਨਟਖਟ ਲੜਕੀ ਹੈ। ਮੈਨੂੰ ਸ਼ਰਾਰਤਾਂ ਚੰਗੀਆਂ ਲਗਦੀਆਂ ਹਨ, ਇਸੇ ਲਈ ਅੰਮ੍ਰਿਤਾ ਸਿੰਘ ਵੀ ਚੰਗੀ ਲਗਦੀ ਹੈ । ਫਿਲਮ 'ਕਾਲਾ ਧੰਦਾ ਗੋਰੇ ਲੋਕ' ਦੇ ਸਮਿਆਂ 'ਚ ਮੈਂ ਜਦੋਂ ਅੰਮ੍ਰਿਤਾ ਸਿੰਘ ਅਤੇ ਅਕਬਰ ਖਾਨ ਉਪਰ ਇਕ ਗੀਤ ਫਿਲਮਾ ਰਿਹਾ ਸੀ ਤਾਂ ਅਚਾਨਕ ਮੋਟਰਸਾਈਕਲ ਤੋਂ ਉਹ ਦੋਹੇਂ ਡਿਗ ਪਏ । ਅੰਮ੍ਰਿਤਾ ਸਿੰਘ ਦੇ ਪੈਰ 'ਤੇ ਸੱਟ ਲੱਗੀ । ਉਹਨੂੰ ਤੁਰਦਿਆਂ ਤਕਲੀਫ ਹੁੰਦੀ ਸੀ । ਸ਼ੂਟਿੰਗ ਰੁਕ ਗਈ । ਅਗਲੇ ਦਿਨ ਮੈਂ ਫੋਨ ਕੀਤਾ ਤਾਂ ਅੰਮ੍ਰਿਤਾ ਸਿੰਘ ਕਹਿਣ ਲੱਗੀ ਮੇਰਾ ਗਿੱਟਾ ਸੁਜ ਗਿਆ ਹੈ, ਆਰਾਮ ਕਰਨਾ ਹੈ । ਨਿਰਮਾਤਾ ਹੋਣ ਦੇ ਨਾਤੇ ਹੀਰੋਇਨ ਦਾ ਹਾਲਚਾਲ ਪੁਛਣ ਲਈ ਮੈਂ ਉਸ ਦੇ ਘਰ ਗਿਆ । ਕੀ ਦੇਖਦਾ ਹਾਂ ਕਿ ਵੀ. ਸੀ. ਆਰ. ਉਪਰ ਕੋਈ ਅੰਗਰੇਜ਼ੀ ਫਿਲਮ ਚਲ ਰਹੀ ਸੀ ਤੇ ਅੰਮ੍ਰਿਤਾ ਸਿੰਘ ਦਾ ਝੂਠ ਫੜਿਆ ਗਿਆ । ਪਰ ਮੈਨੂੰ ਉਸ 'ਤੇ ਗੁੱਸਾ ਨਹੀਂ ਆਇਆ ਸਗੋਂ ਉਸ ਦਿਨ ਦੀ ਉਹ ਮੈਨੂੰ ਹੋਰ ਵੱਧ ਚੰਗੀ ਲਗਣ ਲਗੀ ।

ਆਪਣੇ ਆਪ ਬਾਰੇ ਸੰਜੇ ਖਾਨ ਕਿੰਨਾ ਸੱਚ ਲਿਖਦਾ ਹੈ, ਮੈਨੂੰ ਬਚਪਨ ਤੋਂ ਹੀ ਐਕਟ ਬਣਨ ਦਾ ਸ਼ੌਕ ਸੀ । ਮੈਨੂੰ ਹੀ ਨਹੀਂ ਸਾਨੂੰ ਸਾਰੇ ਭਰਾਵਾਂ ਨੂੰ ਹੀ ਕਲਾਕਾਰ ਬਣਨ ਦੀ ਇੱਛਾ ਸੀ । ਪਰ ਦੇਖਿਆ ਜਾਵੇ ਤਾਂ ਸਾਡੇ 'ਚੋਂ ਕੋਈ ਵੀ ਮਹਾਨ ਐਕਟਰ ਨਹੀਂ ਬਣ ਸਕਿਆ । ਅਸੀਂ ਤਿੰਨੇ ਭਰਾ ਦਰਮਿਆਨੇ ਦਰਜੇ ਦੇ ਐਕਟਰ ਰਹਿ ਗਏ ਹਾਂ । ਇਹੋ ਮਾਨਸਿਕਤਾ ਕਾਰਨ ਮੈਂ ਐਕਟਰ ਤੋਂ ਡਾਇਰੈਕਟਰ ਬਣ ਗਿਆ ਤੇ ਇਹੋ ਸੋਚਣੀ ਅਧੀਨ ਫਿਰੋਜ਼ ਖਾਨ ਐਕਟਿੰਗ ਤੋਂ ਡਾਇਰੈਕਸ਼ਨ ਵੱਲ ਆਇਆ ਹੈ । ਹੁਣ ਸਾਡੀ ਤਮੰਨਾ ਹੈ ਕਿ ਮਹਾਨ ਡਾਇਰੈਕਟਰ ਬਣ ਕੇ ਦਿਖਾਈਏ, ਮੈਂ 'ਸਰਜ਼ਮੀਨ' ਬਣਾ ਰਿਹਾ ਹਾਂ, ਫਿਰੋਜ਼ 'ਯਾਦਗਾਰ' ਬਣਾ ਰਿਹਾ ਹੈ। ਦੇਖੋ, ਸਾਡਾ ਮਹਾਨ ਡਾਇਰੈਕਟਰ ਬਣਨ ਦਾ ਸੁਪਨਾ ਕਦੋਂ ਪੂਰਾ ਹੁੰਦਾ ਹੈ ...।

ਰਾਜ ਕਪੂਰ ਬਾਰੇ ਵੀ ਸੰਜੇ ਖਾਨ ਦੀ ਡਾਇਰੀ ਦੀ ਕਾਤਰ ਦਿਲਚਸਪ ਹੈ : ਮੈਂ ਛੋਟੇ ਹੁੰਦਿਆਂ ਰਾਜ ਸਾਹਿਬ ਦਾ ਫੈਨ ਹੁੰਦਾ ਸੀ ਤੇ ਦਿਲੀਪ ਕੁਮਾਰ ਦਾ ਵੀ । ਲੱਖਾਂ, ਕਰੋੜਾਂ ਚੜ੍ਹਦੀ ਉਮਰ ਦੇ ਮੁੰਡਿਆ ਵਾਂਗ ਮੇਰੀ ਵੀ ਧੁਰ ਇੱਛਾ ਸੀ ਕਿ ਵੱਡਾ ਹੋ ਕੇ ਰਾਜ ਕਪੂਰ ਦਾ ਰੁਤਬਾ ਹਾਸਲ ਕਰਾਂ ਜਾਂ ਦਲੀਪ ਕੁਮਾਰ ਜਿਤਨਾ ਨਾਮ ਕਮਾਵਾਂ । ਪਰ ਇੰਜ ਤਾਂ ਨਾ ਹੋ ਸਕਿਆ । ਹਾਂ, ਉਸ ਦਿਨ ਮੇਰੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ ਜਦੋਂ ਮੈਂ 'ਅਬਦੁਲਾ' ਫਿਲਮ ਦੀ ਕਹਾਣੀ ਰਾਜ ਸਾਹਿਬ ਨੂੰ ਸੁਣਾ ਕੇ ਹਟਿਆ ਤੇ ਉਨ੍ਹਾਂ ਜੱਫੀ 'ਚ ਲੈ ਕੇ ਰੋਲ ਕਰਨ ਲਈ 'ਹਾਂ' ਕਰ ਦਿੱਤੀ ਸੀ। ਮੈਨੂੰ ਵੱਡੀ ਖੁਸ਼ੀ ਇਹ ਨਹੀਂ ਸੀ ਕਿ ਰਾਜ ਕਪੂਰ ਨੇ ਰੋਲ ਨੂੰ 'ਹਾਂ' ਕਰ ਦਿੱਤੀ ਹੈ ਸਗੋਂ ਮੈਂ ਅੰਦਰੋਂ ਇਸ ਲਈ ਗਦ-ਗਦ ਹੋਇਆ ਫਿਰ ਰਿਹਾ ਸਾਂ ਕਿ ਜਿਸ ਰਾਜ ਕਪੂਰ ਨੂੰ ਮੈਂ ਪੂਜਦਾ ਰਿਹਾ ਹਾਂ, ਉਹੀ ਸ਼ਖਸ ਹੁਣ ਸ਼ੂਟਿੰਗ ਦੌਰਾਨ ਮੇਰੇ ਇਸ਼ਾਰਿਆਂ 'ਤੇ ਕੰਮ ਕਰੇਗਾ, ਉਸ ਨੂੰ ਮੇਰੇ ਹੁਕਮ ਦਾ ਪਾਲਣ ਕਰਨਾ ਪਵੇਗਾ ...।

## ਕਬੀਰ ਬੇਦੀ

ਉਚੇ-ਲੰਮੇ ਤੇ ਸੋਹਣੇ-ਸੁਨੱਖੇ ਐਕਟਰ ਕਬੀਰ ਬੇਦੀ ਨੂੰ ਭਾਰਤੀ ਫਿਲਮ ਜਗਤ ਨੇ ਮੁੜ ਅਪਣਾ ਲਿਆ ਹੈ । ਵਿਦੇਸ਼ੀ ਫਿਲਮਾਂ ਵਿਚ ਕਈ ਸਾਲ ਗੁਜ਼ਾਰਨ ਅਤੇ ਨਿੱਕੇ-ਮੋਟੇ ਰੋਲ ਕਰਨ ਉਪਰੰਤ ਜਦ ਉਸ ਨੂੰ ਲੱਗਾ ਕਿ ਉਥੇ ਪੂਰੀ ਤਰ੍ਹਾਂ ਨਹੁੰ ਨਹੀਂ ਅੜ ਰਿਹਾ ਤਾਂ ਉਹ ਵਾਪਸ ਬੰਬਈ ਆ ਟਿਕਿਆ ਹੈ ।

ਕਬੀਰ ਬੇਦੀ ਨੂੰ ਤਿੰਨ ਫਿਲਮਾਂ ਮਿਲ ਗਈਆਂ ਹਨ । ਇਨ੍ਹਾਂ 'ਚੋਂ ਇਕ ਫਿਲਮ ਡਾਇਰੈਕਟਰ ਰਾਕੇਸ਼ ਰੌਸ਼ਨ ਦੀ 'ਖੂਨ ਭਰੀ ਮਾਂਗ' ਹੈ। ਇਸ ਫਿਲਮ 'ਚ ਕਬੀਰ ਬੇਦੀ ਦੀ ਹੀਰੋਇਨ ਵੀ ਕੋਈ ਛੋਟੀ-ਮੋਟੀ ਅਭਿਨੇਤਰੀ ਨਹੀਂ ਬਲਕਿ ਰੇਖਾ ਹੈ। ਸ਼ਤਰੂਘਨ ਸਿਨਹਾ ਇਸ ਫਿਲਮ ਵਿਚ ਮਹਿਮਾਨ ਕਲਾਕਾਰ ਵਜੋਂ ਕੰਮ ਕਰੇਗਾ । ਮਹੇਸ਼ ਭੱਟ ਦੀ ਇਕ ਰੁਕੀ ਹੋਈ ਫਿਲਮ ਵਿਚ ਵੀ ਕਬੀਰ ਬੇਦੀ ਹੇਮਾ ਮਾਲਿਨੀ ਨਾਲ ਹੀਰੋ ਬਣ ਕੇ ਆ ਰਿਹਾ ਹੈ। ਇਹ ਫਿਲਮ ਦੁਬਾਰਾ ਤੁਰ ਪਈ ਹੈ ।

ਓ. ਪੀ. ਰਲਹਨ ਨੇ ਕਬੀਰ ਬੇਦੀ ਨੂੰ ਜੀਨਤ ਅਮਾਨ ਸਮੇਤ ਪਹਿਲੀ ਵਾਰ 'ਹਲਚਲ' ਫਿਲਮ 'ਚ ਪੇਸ਼ ਕੀਤਾ ਸੀ। ਫੇਰ ਇਕ ਫਿਲਮ 'ਅਨੋਖਾ ਦਾਨ' 'ਚ ਉਸ ਨੇ ਸੀ. ਬੀ. ਆਈ. ਅਫਸਰ ਦੀ ਭੂਮਿਕਾ ਨਿਭਾਈ ਸੀ । ਡਾਇਰੈਕਟਰ ਨਰਿੰਦਰ ਬੇਦੀ ਨੇ ਕਬੀਰ ਬੇਦੀ ਨੂੰ ਲੈ ਕੇ ਇਕ ਧੜੱਲੇਦਾਰ ਫਿਲਮ ਬਣਾਈ ਸੀ । ਉਦੋਂ ਜਾਪਦਾ ਸੀ ਕਿ ਕਬੀਰ ਬੇਦੀ ਪਹਿਲੀ ਕਤਾਰ ਦੇ ਐਕਟਰਾਂ 'ਚ ਹੀ ਵਿਚਰਦਾ ਰਿਹਾ ।

ਇਸੇ ਕਾਰਨ ਉਹ ਵਿਦੇਸ਼ਾਂ ਵੱਲ ਧਿਆਨਤ ਹੋਇਆ । ਇਟਲੀ ਦੇ ਟੀ. ਵੀ. ਸੀਰੀਅਲ 'ਸੰਡੋਕਨ' ਵਿਚ ਜਦ ਉਸ ਨੂੰ ਰੋਲ ਮਿਲਿਆ ਤਾਂ ਕੌਮਾਂਤਰੀ ਫਿਲਮੀ ਪੱਤਰਕਾਵਾਂ ਨੇ ਉਸ ਦਾ ਜ਼ਿਕਰ ਛੇੜਿਆ । ਫੇਰ ਕਬੀਰ ਬੇਦੀ ਲਾਸ ਏਂਜਲਜ਼ ਵਿਚਰਨ ਲੱਗਾ । ਰੈਕਸ ਹੈਰੀਸਨ ਨਾਲ ਉਹ 'ਅਸ਼ਾਂਤੀ' ਵਿਚ, ਰੌਗਰ ਮੂਰ ਨਾਲ 'ਔਕਟਪਸੀ' ਵਿਚ, ਪੀਟਰ ਉਸਤੀਨੋਵ ਨਾਲ 'ਦਾ ਥੀਫ ਆਫ ਬਗਦਾਦ' ਵਿਚ ਤੇ ਜਾਰਜ ਕੈਨੇਡੀ ਨਾਲ 'ਦਾ ਇੰਪਾਇਰ' ਵਿਚ ਉਹ ਸਮੇਂ ਸਮੇਂ ਸਿਰ ਦਿਖਾਈ ਦਿੱਤਾ। ਇਕ ਹੋਰ ਫਿਲਮ 'ਦਾ ਬਲੈਕ ਪਿਰੇਟ' ਵੀ ਉਸ ਨੂੰ ਮਿਲੀ ਸੀ ।

ਬਹੁਤੇ ਸਿਨੇ-ਪ੍ਰੇਮੀਆਂ ਦਾ ਖਿਆਲ ਹੈ ਕਿ ਬਲੌਰੀ ਅੱਖਾਂ ਵਾਲੇ ਤੇ ਤਕੜੀ ਡੌਲ ਵਾਲੇ ਕਬੀਰ ਬੇਦੀ ਦੀ ਬਤੌਰ ਅਭਿਨੇਤਾ ਅਜੇ ਤਕ ਚੱਜ ਨਾਲ ਵਰਤੋਂ ਨਹੀਂ ਹੋਈ । ਫਿਲਮਾਂ ਵਾਲਿਆਂ ਨਾਲੋਂ ਸਗੋਂ ਕੱਪੜਾ ਫਰਮਾਂ ਵਾਲਿਆਂ ਨੇ ਉਸ ਨੂੰ ਮਾਡਲ ਵਜੋਂ ਵੱਧ ਸੁਚੱਜੇ ਢੰਗ ਨਾਲ ਵਰਤਿਆ । ਹੁਣ ਦੇਖਦੇ ਹਾਂ ਕਿ ਹਿੰਦੀ ਫਿਲਮਾਂ 'ਚ ਕਬੀਰ ਬੇਦੀ ਕਿੰਨਾ ਕੁ ਗੰਭੀਰਤਾ ਨਾਲ ਲਿਆ ਜਾਂਦਾ ਹੈ। ਸਿੱਟੇ 'ਤੇ ਉਦੋਂ ਹੀ ਪੁਜਿਆ ਜਾ ਸਕੇਗਾ ਜਦੋਂ ਉਹਦੀ ਫਿਲਮ ਰਿਲੀਜ਼ ਹੋਵੇਗੀ ।

## ਰਮਾ ਵਿਜ ਦੀ ਜ਼ਿੱਦ

ਰਮਾ ਵਿਚ ਹੀਰੋਇਨ ਦਾ ਰੋਲ ਕਰਨ ਦੀ ਜ਼ਿਦ ਨਹੀਂ ਛੱਡ ਰਹੀ। ਹਿੰਦੀ ਵਿਚ ਦੋ-ਤਿੰਨ ਸਾਧਾਰਨ ਜਿਹੀਆਂ ਫਿਲਮਾਂ 'ਚ ਹੀਰੋਇਨ ਆਉਣ ਪਿਛੋਂ ਜਦੋਂ ਪੰਜਾਬੀ ਫਿਲਮ 'ਚੰਨ ਪ੍ਰਦੇਸੀ' 'ਚ ਢਲੀ ਉਮਰ ਦੀ ਔਰਤ ਵਾਲੇ ਰੋਲ ਵਿਚ ਉਸ ਨੂੰ ਢੇਰ ਸਾਰੀ ਸਲਾਹੁਤਾ ਮਿਲੀ ਤਾਂ, ਮਾਂ, ਭਰਜਾਈ ਤੇ ਵੱਡੀ ਭੈਣ ਵਾਲੇ ਰੋਲਾਂ ਦੀਆਂ ਪੇਸ਼ਕਸ਼ਾਂ ਦਾ ਉਸ ਕੋਲ ਢੇਰ ਲਗ ਗਿਆ । ਪਰ ਉਹ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾਉਂਦੀ ਗਈ ਇਹ ਆਖ ਕੇ ਕਿ ਅਜੇ ਸਿਰਫ ਹੀਰੋਇਨ ਦਾ ਰੋਲ ਕਰਾਂਗੀ ।

ਕਿੰਨਾ ਹੀ ਸਮਾਂ ਗੁਆ ਲਿਆ ਹੈ ਰਮਾ ਵਿਜ ਨੇ ਇਸ ਜ਼ਿਦ ਨਾਲ ਟੀ. ਵੀ. ਸੀਰੀਅਲ 'ਨੁਕੜ' ਤੇ 'ਮਨੋਰੰਜਨ' ਰਾਹੀਂ ਰਮਾ ਵਿਜ ਦੇ ਚਹੇਤਿਆਂ ਦੀ ਗਿਣਤੀ ਹੋਰ ਵਧ ਗਈ ਹੈ । ਕਈ ਪ੍ਰੋਡਿਊਸਰ ਤੇ ਡਾਇਰੈਕਟਰ ਵੀ ਇਹ ਮੰਨਦੇ ਹਨ ਕਿ ਰਮਾ ਵਿਜ 'ਚ ਪ੍ਰਤਿਭਾ ਬਹੁਤ ਹੈ ਪਰ ਉਹ ਨਾਲ ਈ ਇਹ ਆਖ ਦਿੰਦੇ ਹਨ ਕਿ ਰਮਾ ਕੋਲ ਏਨਾ ਹੁਸਨ ਨਹੀਂ, ਗਲੈਮਰ ਨਹੀਂ ਕਿ ਉਸ ਨੂੰ ਹੀਰੋਇਨ ਦਾ ਰੋਲ ਦਿੱਤਾ ਜਾਵੇ, ਹਾਂ ਚਰਿਤਰ ਅਭਿਨੇਤਰੀ ਵਜੋਂ ਉਹ ਝੰਡੀਆਂ ਕਰ ਸਕਦੀ ਹੈ ।

ਜੇਕਰ ਰਮਾ ਵਿਜ ਨੇ ਮਨ ਨੂੰ ਨਾ ਸਮਝਾਇਆ ਤੇ ਚਰਿਤਰ ਰੋਲ ਕਰਨ ਲਈ ਨਾ ਮੰਨੀ ਤਾਂ ਖਦਸ਼ਾ ਹੈ ਕਿ ਹੋਰ ਦੋ-ਤਿੰਨ ਸਾਲਾਂ ਬਾਅਦ ਉਹ ਪਛੜ ਜਾਵੇਗੀ ਕਿਉਂ ਜੋ ਫਿਲਮ ਜਗਤ ਵਿਚ ਭਾਅ ਬਹੁਤ ਤੇਜ਼ੀ ਨਾਲ ਚੜ੍ਹਦੇ ਲਗਦੇ ਹਨ । ਕਿੰਨੀਆਂ ਹੀ ਪ੍ਰਤਿਭਾਸ਼ਾਲੀ ਅਭਿਨੇਤਰੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਨ੍ਹਾਂ ਆਪਣੇ ਆਪ ਦੀ ਸੰਤੁਲਤ ਸਮੀਖਿਆ ਨਾ ਕੀਤੀ ਤੇ ਫਿਲਮ ਜਗਤ ਵਿਚ ਐਸੀਆਂ ਅੜਕ ਕੇ ਡਿੱਗੀਆਂ ਕਿ ਮੁੜ ਉਠ ਨਾ ਸਕੀਆਂ । ਉਨ੍ਹਾਂ ਵਿਚ ਇਕ ਹੈ ਰੇਹਾਨਾ ਸਲਤਾਨ ।

# 10th Anniversary Sale

## ON NEW LOCATION

SPECIAL SALE
FOR MONTH OF MARCH
OR TILL QUANTITY LAST

WE RESERVE
QUANTITY LIMIT

OPEN EVERY SUNDAY 10.00 to 5.00

# PAUL'S

## PLUMBING & ELECTRICAL SUPPLY

# *GRAND OPENING SALE*



**$245.00**
33.3 1mp GALLON
**GAS HOT WATER TANK**



½″ HARD
**COPPER PIPE**
69¢ FOOT
12′/Length

8′ Kitchen Faucet
**$24.95**
JAMECO



**IVORY SWITCHES**
1301V/074



**99¢**
each
Single Pole

***Wall Faucet $29.95***



**WHITE TOILET**
NO SEAT **$64.95**



**IVORY OR WHITE RECEPTACLES**



**69¢** each

***Faucets***



80003

**DELTA 100**
**$54.95**

***TUB & SHOWER***
SINGLE-HANDLE

32x32
**PLASTIC SHOWER**
**$135.00**





**POLY LAUNDRY TRAY**
Features adjustable legs, ledge back. Less faucet.
**$29.95**



## RANGE HOODS
DUCTED
**SPECIAL $32.95**
2 Speed 30″ Ducted and Ductless hood available in white, gold or almond. Or copper tone colour

1 LB. 50/50 SOLDER **$6.95** each



Attractive
**BATH ENCLOSURES**
**$99.95**



**$99.00** ***DOUBLE BOWL SINK***
COMPLETE WITH STRAINERS
STAINLESS STEEL SINK WITH LEDGE

**C.E.B. 32 CIRCUIT PANEL WITH MAIN BREAKER**
**$79.00** each

3/14 NMD-7 House Wire .... **35¢** per foot
3/10 NMD-7 Dryer Wire ..... **72¢** per foot
3/8 NMD-7 Stove Wire ...... **1.19** per foot

Cash or Cheque only —
No Credit Card accepted
on SALE Items.

**4578 MAIN ST., AT 30TH AVE.**
**VANCOUVER, B.C.**
**Ph. 872-3118, 872-7227**

DO IT
YOURSELF
PLUMBING

# G VANS

(A division of GILL AUTO SALES)

Also all vehicles in stock on Special

| | | |
|---|---|---|
| SOFA BEDS | Reg. $495 each | Now from $400 each |
| INTERIORS | Reg. $795 | Now From $700 |
| BAY WINDOWS | Reg. $99 | Now From $89 |
| CAPTAINS' CHAIRS (Pair) | Reg. $425 | Now From $395 |

## ਫਾਰਮ ਸੀਟਾਂ 'ਤੇ ਬਚਤ ਕਰੋ

| | | |
|---|---|---|
| 4 Seats | Reg. $1250 | Sale Price $1000.00 |
| 5 Seats | Reg. $1400 | Sale Price $1250.00 |

## SPECIAL FOR FARMERS

ONE DODGE 85 MAXI VAN

SPECIAL $7950

CALL **522-2122** COLLECT

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM